ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ

(21-2-94)

FEB 1994



ਫ਼ਰਵਰੀ ੧੯੯੪

ਜੰਡਾਂ ਨਾਲ ਬੰਨ ਕੇ ਸਾੜਿਆ ਗਿਆ

www.AKJ.Org

# ਤਤਕਰਾ


| | | |
|---|---|---|
| ਫਲਗੁਨਿ ਮਨਿ ਰਹਸੀ | ੩ | ਤੁਖਾਰੀ ਬਾਰਹਮਾਹਾ ਮਹਲਾ ੧ |
| – ਅਰਥ ਵਿਆਖਿਆ | ੪ | – – |
| ਧਰਮਰਾਇ, ਚਿਤਰ-ਗੁਪਤ ਤੇ ਆਵਾ ਗਵਨ | ੭ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਜੰਡਾਂ ਨਾਲ ਬੰਨ੍ਹ ਕੇ ਸਾੜਿਆ ਗਿਆ | ੧੩ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਖ਼ਤਰੇ ਬਾਰੇ ਚਿਤਾਵਨੀ | ੧੭ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਗੁ: ਕੋਟ ਭਾਈ ਥਾਨ ਸਿੰਘ ਅਤੇ ਜਥੇਦਾਰ ਝੱਬਰ | ੨੦ | ਭਾਈ ਨਰੈਣ ਸਿੰਘ ਜੀ ਐਮ.ਏ. |
| ਜਿਤੁ ਸਬਦਿ ਜਗਤੁ ਥੰਮਿ੍ ਰਹਾਇਆ | ੨੩ | ਸੂਬੇਦਾਰ ਧਰਮ ਸਿੰਘ ਜੀ |
| ਮਥੈ ਟਿੱਕਾ | ੨੬ | ਗੁਮਨਾਮ |
| ਕਬਿਤ ਸਵਯੇ ਭਾਈ ਗੁਰਦਾਸ ਜੀ (੨੩) | ੨੮ | – – |
| 'ਕੇਸ ਰਖਣੇ, ਇਹ ਸਾਡੀ ਮੋਹਰ ਹੈ' | ੩੨ | ਸ: ਗੁਰਪ੍ਰੀਤ ਸਿੰਘ ਜੀ |
| ਭਾਈ ਕਰਤਾਰ ਸਿੰਘ ਜੀ ਕੈਨੇਡੀਅਨ | ੩੬ | ਭਾ. ਸਾ: ਭਾਈ ਰਣਧੀਰ ਸਿੰਘ ਜੀ |
| ਸਿਰੀ ਸਾਹਿਬ ਜੀ ਸਹਾਇ | ੪੦ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਸ਼ਰਧਾਂਜਲੀ (ਵਿਅੰਗਮਈ ਕਵਿਤਾ) | ੪੩ | ਸ: ਅਬਨਾਸ਼ ਸਿੰਘ ਜੀ |
| ਸੱਚੀ ਬਾਣੀ ਅਤੇ ਕਚੀਆਂ ਧਾਰਨਾਂ | ੪੪ | ਗਿਆਨੀ ਧਰਮ ਸਿੰਘ ਜੀ |
| ਸਤਿਗੁਰ ਬਖਸੰਦਾ | ੪੬ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਗਲਤ-ਬਿਆਨੀ ਤੋਂ ਸਾਵਧਾਨ | ੪੮ | – – – |
| ਦੋ ਰੁਬਾਈਆਂ (ਕਵਿਤਾ) | ੪੮ | ਸ: ਸੁਰਜੀਤ ਸਿੰਘ ਸਾਜਨ |
| ਨਾਨਕ ਝੀਰਾ ( ,, ) | ੪੯ | ਸ: ਅਤਰ ਸਿੰਘ ਨੀਰ |
| ਸਾਡੀ ਦਸ਼ਾ ( ,, ) | ੫੦ | ਗਿਆਨੀ ਕਰਤਾਰ ਸਿੰਘ ਕੋਮਲ |


ਸ੍ਰੀ ਗੁਰੂ ਹਰਿ ਰਾਇ ਸਾਹਿਬ ਅਵਤਾਰ ਧਾਰਿਆ ੨੪ ਫ਼ਰਵਰੀ

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ। ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੨. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੩. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਦੂਖ ਨਿਵਾਰਨ ਸਾਹਿਬ
੪. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੫. ਜ਼ਿਲਾ ਸੰਗਰੂਰ—(ੳ) ਸ. ਸੁਖਵਿੰਦਰ ਸਿੰਘ ਭੱਟੀ, ਐਡਵੋਕੇਟ, ਸਗਰੂਰ ਕੋਰਟ
(ਅ) ਪਿੰਡ ਉਪੋਕੇ [ਉਪਲ ਖੇੜੀ] ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੬. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹੇ ਨਗਰ
੭. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੮. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੯ ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ


ਲਾਕੂਟ ਪ੍ਰਿੰਟਰਜ਼, ਬਜ਼ਾਰ ਬਾਬਾ ਭੇੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧੪-੨-੯੪ ਨੂੰ ਪ੍ਰਕਾਸ਼ਤ ਕੀਤਾ



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮੁ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੫੦-੦੦ |
| ਇਕ ਪਰਚਾ | ੩-੦੦ |

**ਪਰਦੇਸ (ਸਾਰੇ)**
**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

Foreign Subscription

| | |
|---|---|
| Sea Mail | 80-00 |
| Air Mail | 250-00 |

**ਅਮਾਨਤੀ**
**ਲਾਈਫ਼ ਮੈਂਬਰ**

| | |
|---|---|
| ਦੇਸ | ੨੫੦-੦੦ |

ਪਰਦੇਸ

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

**ਅਖੰਡ ਕੀਰਤਨ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੮ ਫਰਵਰੀ ੧੯੯੪ ਅੰਕ ੨


## ਫਲਗੁਨਿ ਮਨਿ ਰਹਸੀ

ਫਲਗੁਨਿ ਮਨਿ ਰਹਸੀ ਪ੍ਰੇਮ ਸੁਭਾਇਆ ॥
ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥
ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥
ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥
ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥
ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥੧੬॥

[ਤੁਖਾਰੀ ਬਾਰਹਮਾਹਾ ਮਹਲਾ ੧

ਫਲਗੁਨਿ—ਫਗਣ ਮਹੀਨੇ ਵਿਚ। ਰਹਸੀ—ਖੁਸ਼ੀ। ਸੁਭਾਇਆ—ਸੁਭਾਇਮਾਨ ਹੁੰਦਾ, ਵਸਦਾ ਹੈ। ਅਨਦਿਨੁ—ਦਿਨ ਰਾਤ, ਹਰ ਵੇਲੇ। ਰਹਸੁ—ਅਨੰਦ, ਖੇੜਾ। ਆਪੁ—ਆਪਾ ਭਾਵ, ਮੈਂ ਮੇਰੀ। ਤਿਸੁ—ਉਸ (ਪ੍ਰੀਤਮ-ਪ੍ਰਭੂ) ਨੂੰ। ਭਾਇਆ—ਚੰਗਾ ਲਗਾਂ। ਵੇਸ ਕਰੀ—ਮੈਂ ਵੇਸ-ਭੇਸ ਕਰਾਂ। ਮਹਲ ਵਿਚ, ਪ੍ਰਭੂ ਦੇ ਦਰ ਘਰ ਵਿਚ। ਪਾਟ ਪਟੰਬਰ—ਪਟ (ਰੇਸਮ) ਅਤੇ ਰੇਸ਼ਮੀ ਕਪੜੇ। ਪਿਰਿ ਲੋੜੀ—ਪਿਆਰੇ ਪਤੀ ਨੇ ਪਸੰਦ ਕੀਤੀ। ਘਰਿ—ਹਿਰਦੇ ਘਰ ਵਿਚ। ਵਰੁ—ਪਤੀ-ਪ੍ਰਭੂ।




www.AKJ.Org

# ਅਰਥ ਵਿਆਖਿਆ

**ਅਰਥ** :

(ਫਗਣ ਮਹੀਨੇ ਸਰਦ ਰੁਤ ਦਾ ਮੋੜਾ ਪੈਣ ਤੇ ਲੋਕ ਖੁਸ਼ੀਆਂ ਮਨਾਂਦੇ ਹਨ), (ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ) ਫਗਣ ਮਹੀਨੇ ਵਿਚ ਸੱਚੀ ਖ਼ੁਸ਼ੀ ਉਸੇ ਪ੍ਰਾਣੀ ਦੇ ਮਨ ਵਿਚ ਹੀ ਹੁੰਦੀ ਹੈ, ਜਿਸ ਦੇ ਮਨ ਵਿਚ ਪ੍ਰਭੂ-ਪ੍ਰੀਤਮ ਦਾ ਪ੍ਰੇਮ ਸੁਭਾਇਮਾਨ ਹੁੰਦਾ ਹੈ। (ਪ੍ਰਭੂ-ਪਿਆਰ ਵਿਚ ਉਸ ਦੇ ਅੰਦਰੋਂ) ਅਪਣੱਤ (ਮੈਂ-ਮੇਰੀ) ਮਿਟ ਜਾਂਦੀ ਹੈ, (ਜਿਸ ਸਦਕਾ ਉਸ ਦੇ ਮਨ ਵਿਚ) ਦਿਨ-ਰਾਤ ਹਰ ਵੇਲੇ ਅਨੰਦ-ਮੰਗਲ ਤੇ ਖੇੜਾ ਖਿੜਿਆ ਰਹਿੰਦਾ ਹੈ।

(ਪਰ ਇਸ ਮੈਂ-ਮੇਰੀ ਕਾਰਨ) ਮਨ ਨੂੰ (ਵਿਆਪਿਆ, ਮਾਇਆ ਦਾ) ਮੋਹ ਤਾਂ ਹੀ ਦੂਰ ਕੀਤਾ ਜਾ ਸਕਦਾ ਹੈ ਜੇ ਉਸ (ਪਿਆਰੇ ਪ੍ਰਭੂ) ਨੂੰ (ਪ੍ਰਾਣੀ ਦਾ ਪ੍ਰੇਮ) ਚੰਗਾ ਲਗ ਜਾਏ। (ਤਾਂ ਤੇ ਉਸ ਪ੍ਰਿਅ-ਪ੍ਰੀਤਮ ਨੂੰ ਭਾਉਣ ਲਈ ਨਿਮਰਤਾ-ਗਰੀਬੀ ਵਿਚ ਜੋਦੜੀ ਕੀਤੀ ਜਾਏ, ਹੇ ਪਿਆਰੇ ਪ੍ਰਭੂ ਜੀਉ!) ਕਿਰਪਾ ਕਰੋ ਜੀ ਅਤੇ ਮੇਰੇ ਹਿਰਦੇ-ਘਰ ਵਿਚ ਆ ਵਸੋ ਜੀ, ਕਿਉਂਕਿ ਤੈਂ-ਪਿਰ ਤੋਂ ਬਿਨਾਂ ਮੈਂ ਜਿਤਨੇ ਵੀ ਵੇਸ-ਭੇਸ ਜਾਂ ਹਾਰ-ਸ਼ਿੰਗਾਰ ਕਰ ਲਵਾਂ, ਉਨ੍ਹਾਂ ਨਾਲ ਤੇਰੇ ਮਹਲ ਵਿਚ ਥਾਂ-ਟਿਕਾਣਾ ਨਹੀਂ ਮਿਲ ਸਕਣਾ।

(ਤਾਂ ਤੇ ਉਸੇ ਜੀਵ-ਇਸਤ੍ਰੀ ਦੇ ਪਹਿਰੇ) ਹੋਏ ਰਸ-ਉਪਜਾਊ ਸੁੰਦਰ ਰੇਸ਼ਮੀ ਕਪੜੇ ਅਤੇ ਹਾਰਾਂ ਦੀਆਂ ਡੋਰਾਂ ਤੇ ਅਨਿਕ ਪ੍ਰਕਾਰੀ ਸ਼ਿੰਗਾਰ ਸਫਲੇ ਜਾਣੋ, ਜੋ ਪਿਆਰੇ ਪਤੀ ਨੇ ਲੋੜੀ (ਭਾਵ, ਪਸੰਦ ਕਰ ਲਈ) ਹੈ। (ਪ੍ਰੀਤਮ-ਪ੍ਰਭੂ ਦਾ ਪਿਆਰ ਪ੍ਰਾਪਤ ਕੀਤੇ ਬਿਨਾਂ ਸਭ ਵੇਸ-ਭੇਸ ਦਿਖਲਾਵੇ ਹਨ)।

ਅੰਤ ਵਿਚ ਸਤਿਗੁਰੂ ਜੀ "ਨਾਨਕ" ਮੁਹਰ-ਛਾਪ ਹੇਠ ਸਪੱਸ਼ਟ ਕਰਦੇ ਹਨ ਕਿ ਆਪਣੇ ਸਤਿਗੁਰੂ ਨੇ ਨਾਮ-ਗੁਰ-ਮੰਤਰ ਦੀ ਬਖ਼ਸ਼ਸ਼ ਕਰ ਕੇ ਜੋ ਜੀਵ-ਇਸਤ੍ਰੀ ਨਾਮ ਨਾਲ) ਮੇਲ ਲਈ ਹੈ, ਉਹੋ ਜੀਵ-ਇਸਤ੍ਰੀ ਆਪਣੇ ਹਿਰਦੇ ਰੂਪ ਘਰ ਵਿਚ ਪ੍ਰਭੂ-ਪ੍ਰੀਤਮ ਦਾ ਸੰਜੋਗ ਪ੍ਰਾਪਤ ਕਰ ਲੈਂਦੀ ਹੈ।

**ਵਿਆਖਿਆ** :

ਫਗਣ ਮਹੀਨੇ ਸਿਆਲ ਰੁਤ ਵਲੋਂ ਮੋੜਾ ਪੈਂਦਾ ਅਤੇ ਬਸੰਤ ਰੁਤ ਦਾ ਆਗਮਨ ਹੁੰਦਾ ਹੈ, ਸਭ ਪਾਸੇ ਖੇੜੇ ਖਿੜਦੇ ਹਨ, ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ ਜਿਸ ਹਿਰਦੇ ਵਿਚ ਪ੍ਰਭੂ-ਪ੍ਰੀਤਮ ਦਾ ਪ੍ਰੇਮ ਵਸ ਜਾਂਦਾ ਹੈ, ਉਹ ਅਠੇ ਪਹਿਰ ਉਸ ਦੀ ਯਾਦ ਵਿਚ, ਉਸੇ ਦੇ ਸਿਮਰਨ ਵਿਚ ਜੁੜਿਆ ਅਨੰਦ ਮਾਣਦਾ ਹੈ। ਉਸੇ ਲਈ ਸਭੇ ਮਹੀਨੇ ਤੇ ਸਭੇ ਰੁਤਾਂ ਸੁਹਾਵਣੀਆਂ ਤੇ ਸੁਖਦਾਈ ਹੁੰਦੀਆਂ ਹਨ। ਗੁਰ ਫ਼ੁਰਮਾਨ ਹਨ–

ਨਾਨਕ ਸੋਈ ਦਿਨਸੁ ਸੁਹਾਵੜਾ, ਜਿਤੁ ਪ੍ਰਭੁ ਆਵੈ ਚਿਤਿ ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ, ਫਿਟ ਭਲੇਰੀ ਰੁਤਿ ॥੧॥੩॥ (ਪੰਨਾ ੩੧੮)

ਅਤੇ–ਪਿਰੀ ਮਿਲਾਵਾ ਜਾ ਥੀਐ ਸਾਈ ਸੁਹਾਵੀ ਰੁਤਿ ॥
ਘੜੀ ਮੁਹਤ ਨਹ ਵੀਸਰੈ, ਨਾਨਕ ਰਵੀਐ ਨਿਤ ॥੨॥੧੫॥ (ਪੰਨਾ ੫੨੨)

ਫਿਰ ਕਿਹਾ ਹੈ ਕਿ ਦਿਨੇ ਰਾਤ ਨਾਮ ਦਾ ਖੇੜਾ ਅਤੇ ਪ੍ਰਭੂ ਨਾਲ ਸੱਚੇ ਪ੍ਰੇਮ ਦਾ ਅਨੰਦ ਤਾਂ ਹੀ ਬਣਿਆ ਰਹਿ ਸਕਦਾ ਹੈ ਜੇ ਆਪਣੇ ਅੰਦਰੋਂ ਆਪਾ ਭਾਵ, ਮੈਂ-ਮੇਰੀ, ਮਾਇਆ ਦਾ ਮੋਹ ਗਵਾਇਆ ਜਾਵੇ। ਜਿਹਾ ਕਿ ਫ਼ੁਰਮਾਨ ਹੈ–

ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ ਰਚਾਇਆ ॥
ਆਪੁ ਗਵਾਇਆ ਤਾ ਪਿਰੁ ਪਾਇਆ ਗੁਰ ਕੈ ਸਬਦਿ ਸਮਾਇਆ ॥੧॥ [ਵਡਹੰਸ ਮ: ੩–੫੬੪

ਅਤੇ–ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥੪॥੨॥੪॥ (ਪੰਨਾ ੭੨੨)

ਆਪਾ ਭਾਵ ਗੁਆ ਕੇ ਹੀ ਉਸ ਪਿਆਰੇ ਪ੍ਰਭੂ ਦੀ ਖੁਸ਼ੀ ਪਾ ਸਕੀਦੀ ਹੈ। ਪਰ ਇਹ ਆਪਾ ਭਾਵ ਉਸ



www.AKJ.Org

ਦੀ ਮਿਹਰ ਅਤੇ ਉਸ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਤਿਆਗਿਆ ਜਾ ਸਕਦਾ ਹੈ, ਤਦ ਹੀ ਉਸ ਦੇ ਲੇਖੇ ਵਿਚ ਆ ਸਕੀਦਾ ਹੈ। ਇਸ ਮਿਹਰ ਦ੍ਰਿਸ਼ਟੀ ਨੂੰ ਪ੍ਰਾਪਤ ਕਰਨ ਲਈ ਨਿਮਰਤਾ ਗਰੀਬੀ ਵਿਚ ਰਹਿ ਕੇ ਜੋਦੜੀ ਕਰਨੀ ਹੀ ਬਣਦੀ ਹੈ।

ਪਰ ਜੇ ਕੋਈ ਬਾਹਰਲੇ ਵੇਸ ਭੇਸ ਕਰ ਕੇ ਹੀ ਪ੍ਰਭੂ-ਪ੍ਰੀਤਮ ਨੂੰ ਰੀਝਾਉਣਾ ਚਾਹੇ ਤਾਂ ਇਹ ਨਿਰਾ ਪਖੰਡ ਹੈ। ਬਾਹਰਲੇ ਭੇਖ ਨਾਲ ਅਸਲੀਅਤ ਨਹੀਂ ਜਾਣੀ ਜਾ ਸਕਦੀ। ਨਾਮ-ਸਿਮਰਨ ਤੋਂ ਬਿਨਾਂ ਕੋਈ ਗੱਲ ਬਣਦੀ ਹੀ ਨਹੀਂ—

ਭੇਖੀ ਹਾਥ ਨ ਲਧੀਆ ਸਭ ਬਧੀ ਜਮਕਾਲਿ ॥ (ਹਾਥ—ਥਾਹ)
ਨਾਨਕ ਗਲਾ ਝੂਠੀਆ ਸਚਾ ਨਾਮੁ ਸਮਾਲਿ ॥੧॥੯॥ (ਪੰਨਾ ੧੦੮੯)

ਅਤੇ—ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖ ॥੧੩॥ (ਵਾਰ ਮਾਰੂ ਡਖਣੇ ਮ: ੫—੧੦੯੯)

ਸਤਿਗੁਰੂ ਦੀ ਸੱਚੀ ਸਿਖਿਆ, ਨਾਮ-ਸਿਮਰਨ-ਕਮਾਈ ਦੀ ਸਿਖਿਆ ਧਾਰਨ ਕੀਤੇ ਬਿਨਾਂ ਬਾਹਰਲੇ ਪਹਿਰਾਵਿਆਂ ਨਾਲ ਪ੍ਰਭੂ-ਪ੍ਰੀਤਮ ਦਾ ਸੱਚਾ ਪਿਆਰ ਪਾਇਆ ਨਹੀਂ ਜਾ ਸਕਦਾ। ਕਿਉਂਕਿ ਹੁਕਮ ਹੈ—

ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥
ਦਰਿ ਘਰਿ ਢੋਈ ਨ ਲਹੈ, ਦਰਗਹ ਝੂਠੁ ਖੁਆਰੁ ॥੧॥ਰਹਾਉ॥੧੩॥ (ਪੰਨਾ ੧੯)

ਇਉਂ ਪ੍ਰਭੂ ਦਾ ਮਹਲ ਪ੍ਰਾਪਤ ਨਹੀਂ ਹੋ ਸਕਦਾ, ਉਸ ਘਰ ਜਾਇਆਂ ਕਿਧਰੇ ਢੋਈ ਨਹੀਂ ਮਿਲਣੀ ਸਗੋਂ ਖੁਆਰ ਹੀ ਹੋਣਾ ਪੈਣਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ 'ਫੁਨਹੇ' ਬਾਣੀ ਵਿਚ ਫੁਰਮਾਂਦੇ ਹਨ—

ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ ॥
ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ ॥
ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ ॥
ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ ॥੩॥

ਅਤੇ—ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ ॥
ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ ॥੪॥ (ਪੰਨਾ ੧੩੬੨)

ਫਿਰ ਦਸਦੇ ਹਨ ਕਿ ਮੋਤੀਆਂ, ਲਾਲਾਂ ਅਤੇ ਅਨਿਕ ਪ੍ਰਕਾਰੀ ਭੋਗਾਂ ਦੇ ਰਸਾਂ ਵਿਚ ਸੁਖ ਨਹੀਂ, ਜੇ ਸੁਖ ਹੈ ਤਾਂ ਕੇਵਲ ਨਾਮ-ਸਿਮਰਨ ਵਿਚ ਜੁੜ ਕੇ ਪ੍ਰਭੂ-ਪ੍ਰੀਤਮ ਨਾਲ ਇਕ-ਮਿਕ ਹੋਇਆਂ, ਭਾਵੇਂ ਟੁਟੀ ਫੁਟੀ ਝੁੱਗੀ ਵਿਚ ਰੁਖਾ ਮਿਸਾ ਖਾ ਕੇ ਹੀ ਗੁਜ਼ਰਾਨ ਹੁੰਦੀ ਹੋਵੇ—

ਮੁਕਤ ਲਾਲ ਅਨਿਕ ਭੋਗ, ਬਿਨੁ ਨਾਮ ਨਾਨਕ ਹਾਤ ॥
ਰੂਖੋ ਭੋਜਨ ਭੂਮਿ ਸੈਨ ਸਖੀ, ਪ੍ਰਿਅ ਸੰਗਿ ਸੂਖਿ ਬਿਹਾਤ ॥੨॥੩॥੪੨॥ (੧੩੦੬)

ਉਸੇ ਜੀਵ-ਇਸਤ੍ਰੀ ਦਾ ਵੇਸ-ਭੇਸ ਅਤੇ ਹਾਰ-ਸ਼ਿੰਗਾਰ ਪਰਵਾਨ ਪੈਂਦਾ ਹੈ, ਜੋ ਪ੍ਰੀਤਮ-ਪ੍ਰਭੂ ਦਾ ਸੱਚਾ ਪਿਆਰ ਪ੍ਰਾਪਤ ਕਰ ਲੈਂਦੀ ਹੈ, ਉਸ ਨੂੰ ਸ਼ੁਭ ਗੁਣਾਂ ਕਰਕੇ ਰੀਝਾ ਲੈਂਦੀ ਹੈ, ਫਿਰ ਅਨੰਦ ਮੰਗਲ ਤੇ ਖੇੜੇ ਖਿੜ ਜਾਂਦੇ ਹਨ—

ਜਿਤੁ ਘਰਿ ਪਿਰੁ ਸੋਹਾਗੁ ਬਣਾਇਆ ॥ ਤਿਤੁ ਘਰਿ ਸਖੀਏ ਮੰਗਲੁ ਗਾਇਆ ॥
ਅਨਦ ਬਿਨੋਦ ਤਿਤੈ ਘਰਿ ਸੋਹਹਿ, ਜੋ ਧਨ ਕੰਤਿ ਸੀਗਾਰੀ ਜੀਉ ॥੧॥੧੧॥ (ਪੰਨਾ ੯੭)

ਅੰਤ ਵਿਚ ਗੁਰਦੇਵ ਜੀ ਫੁਰਮਾਂਦੇ ਹਨ ਕਿ ਜੋ ਜੀਵ-ਇਸਤ੍ਰੀ, ਸਤਿਗੁਰੂ ਤੋਂ ਪ੍ਰਾਪਤ ਹੋਈ ਬਖਸ਼ਸ਼ ਦੁਆਰਾ, ਪ੍ਰਭੂ ਨੇ ਆਪਣੇ ਨਾਲ ਮੇਲ ਲਈ, ਉਸ ਨੇ ਮਾਨੋ ਸਭ ਕੁਝ ਹੀ ਪ੍ਰਾਪਤ ਕਰ ਲਿਆ ਜਾਣੋ—

ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥
ਸਾ ਕੁਲਵੰਤੀ ਸਾ ਸਭਰਾਈ, ਜੋ ਪਿਰ ਕੈ ਰੰਗਿ ਸਵਾਰੀ ਜੀਉ ॥੩॥


www.AKJ.Org

ਮਹਿਮਾ ਤਿਸੁ ਕੀ ਕਹਣੁ ਨ ਜਾਏ ॥ ਜੋ ਪਿਰਿ ਮੇਲਿ ਲਈ ਅੰਗਿ ਲਾਏ ॥
ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ, ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥੪॥੧੧॥
(ਪੰਨਾ ੯੭-੯੮)

ਅਤੇ–ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਵਸਿਆ ਮੰਨਿ ਮੁਰਾਰੇ ॥
ਨਾਨਕ ਮੇਲਿ ਲਈ ਗੁਰਿ ਅਪੁਨੇ ਗੁਰ ਕੈ ਸਬਦਿ ਸਵਾਰੇ ॥੪॥੫॥ (ਪੰਨਾ ੭੭੨)

ਬਾਰਹਮਾਹ ਤੁਖਾਰੀ ਦੀ ਅੰਤਲੀ ਪਉੜੀ ਇਉਂ ਹੈ—

**ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥**
**ਘੜੀ ਮੂਰਤ ਪਲ, ਸਾਚੇ ਆਏ ਸਹਜਿ ਮਿਲੇ ॥**
**ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥**
**ਜਿਨਿ ਸੀਗਾਰੀ ਤਿਸੈ ਪਿਆਰੀ ਮੇਲੁ ਭਇਆ ਰੰਗੁ ਮਾਣੈ ॥**
**ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ॥**
**ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥੧੭॥੧॥**

**ਪਦ ਅਰਥ** :–ਬੇ ਦਸ–ਦੋ ਤੇ ਦਸ, ਬਾਰ੍ਹਾਂ। ਮਾਹ–ਮਹੀਨੇ। ਰੁਤੀ ਥਿਤੀ ਰੁਤੀਂ ਥਿਤੀਂ, ਰੁੱਤਾਂ ਥਿੱਤਾਂ। ਥਿੱਤਾਂ–ਚੰਦ੍ਰਮਾ ਦੇ ਵਧਣ ਘਟਣ ਨਾਲ ਏਕਮ, ਦੂਜ, ਤੀਜ ਆਦਿ ੧੫ ਥਿੱਤਾਂ। ਭਲੇ—ਚੰਗੇ, ਸ਼ੋਭਨੀਕ। ਮੂਰਤ–ਮੁਹੂਰਤ। ਸਾਚੇ–ਸੱਚੇ (ਸਦਾ ਸਥਿਰ) ਪ੍ਰਭੂ ਜੀ। ਸਹਜਿ-ਸਹਜ, ਗਿਆਨ, ਅਡੋਲ ਅਵਸਥਾ ਵਿਚ। ਸਾਰੇ–ਸਿਰੇ ਚੜ੍ਹ ਗਏ, ਨੇਪਰੇ ਚੜ੍ਹ ਗਏ। ਬਿਧਿ–ਬਿਧੀ, ਜੁਗਤ। ਜਿਨਿ–ਜਿਸ ਪ੍ਰਭੂ-ਪ੍ਰੀਤਮ ਨੇ। ਤਿਸੈ–ਉਸੇ ਪ੍ਰੀਤਮ-ਪ੍ਰਭੂ ਨੇ। ਰੰਗੁ–ਆਤਮਕ ਅਨੰਦ। ਘਰਿ–ਹਿਰਦੇ-ਘਰ ਵਿਚ। ਸੁਹਾਵੀ–ਸੁਹਾਵਣੀ, ਸ਼ੋਭਨੀਕ। ਪਿਰਿ–ਪਤੀ ਨੇ। ਰਾਵੀ–ਆਪਣੇ ਨਾਲ ਮੇਲ ਲਈ। ਗੁਰਮੁਖਿ ਮਸਤਕਿ ਭਾਗੋ–ਸਤਿਗੁਰੂ ਦੁਆਰਾ ਮੱਥੇ ਦਾ ਭਾਗ ਜਾਗਿਆ, ਸਤਿਗੁਰੂ ਦੇ ਬਖਸ਼ੇ ਨਾਮ-ਗੁਰ-ਮੰਤਰ ਦੁਆਰਾ ਮੱਥੇ ਦਾ ਲੇਖ ਪ੍ਰਗਟ ਹੋ ਆਇਆ। ਅਹਿਨਿਸਿ–(ਅਹਿ–ਦਿਨ, ਨਿਸਿ–ਰਾਤ) ਹਰ ਵੇਲੇ। ਰਾਵੈ–ਭੋਗਦਾ ਹੈ, ਨਾਮ-ਸਿਮਰਨ ਦੁਆਰਾ ਪ੍ਰਭੂ-ਮਿਲਾਪ ਦਾ ਅਨੰਦ ਮਾਣਦਾ ਹੈ। ਵਰੁ–ਪਿਰ, ਪਤੀ। ਥਿਰੁ–ਸਦਾ ਕਾਇਮ, ਅਚੱਲ। ਸੋਹਾਗੋ–ਸੁਹਾਗ, ਸੁਭਾਗ, ਪਤੀ-ਮਿਲਾਪ ਦਾ ਅਉਸਰ।

**ਅਰਥ** : (ਜਿਸ ਜੀਵ-ਇਸਤ੍ਰੀ ਨੂੰ ਗੁਰੂ ਦੇ ਬਖਸ਼ੇ ਗੁਰ-ਮੰਤਰ ਦੀ ਕਮਾਈ ਸਦਕਾ) ਸਦਾ ਕਾਇਮ ਰਹਿਣ ਵਾਲੇ ਪ੍ਰਭੂ-ਪ੍ਰੀਤਮ ਜੀ ਅਡੋਲ ਅਵਸਥਾ ਵਿਚ ਆ ਮਿਲਦੇ ਹਨ, (ਭਾਵ, ਜਿਸ ਦੇ ਹਿਰਦੇ ਵਿਚ ਵਸ ਜਾਂਦੇ ਹਨ, ਉਸ ਦੇ) ਬਾਰ੍ਹਾਂ ਮਹੀਨੇ ਹੀ, ਸਾਰੀਆਂ ਰੁੱਤਾਂ ਤੇ ਥਿੱਤਾਂ ਅਤੇ ਸਾਰੇ ਦਿਨ-ਦਿਹਾੜੇ ਸ਼ੋਭਨੀਕ ਹੋ ਜਾਂਦੇ ਹਨ, ਉਸ ਦੀਆਂ ਸਾਰੀਆਂ ਘੜੀਆਂ, ਸਾਰੇ ਮੁਹੂਰਤ ਅਤੇ ਸਾਰੇ ਪਲ (ਸਫਲੇ ਹੁੰਦੇ ਹਨ।)

ਜਦੋਂ ਪ੍ਰਭੂ-ਪ੍ਰੀਤਮ ਜੀ ਆ ਮਿਲੇ ਤਾਂ (ਜੀਵ-ਇਸਤ੍ਰੀ ਦੇ) ਸਾਰੇ ਕਾਰਜ (ਆਪਣੇ ਆਪ ਹੀ) ਸਿਰੇ ਚੜ੍ਹ ਜਾਂਦੇ ਹਨ, ਕਿਉਂਕਿ (ਸਭ ਕਾਰਜਾਂ ਨੂੰ ਸਵਾਰਨ ਵਾਲਾ) ਕਰਤਾ ਪੁਰਖ ਸਭ ਜੁਗਤੀਆਂ ਨੂੰ ਜਾਣਦਾ ਹੈ। ਜਿਸ ਪ੍ਰਭੂ ਨੇ ਜੀਵ-ਇਸਤ੍ਰੀ ਨੂੰ (ਆਪਣੇ ਨਾਮ ਨਾਲ) ਸ਼ਿੰਗਾਰਿਆ ਹੁੰਦਾ ਹੈ ਉਸੇ ਨੂੰ ਉਹ ਪਿਆਰੀ ਹੋ ਜਾਂਦੀ ਹੈ ਅਤੇ ਪ੍ਰਭੂ-ਪਤੀ ਦਾ ਮਿਲਾਪ ਹੋਣ ਤੇ ਉਹ ਜੀਵ-ਇਸਤ੍ਰੀ ਆਤਮਕ ਅਨੰਦ ਮਾਣਦੀ ਹੈ।

ਸਤਿਗੁਰੂ (ਦੇ ਬਖਸ਼ੇ ਨਾਮ-ਗੁਰ-ਮੰਤਰ ਦੀ ਕਮਾਈ) ਸਦਕਾ ਮੱਥੇ ਦਾ ਲੇਖ ਪ੍ਰਗਟ ਹੋਣ ਤੇ ਜਦੋਂ ਪਿਰ ਨੇ (ਆਪਣੇ ਨਾਲ) ਮੇਲ ਲਈ ਤਾਂ ਹਿਰਦੇ-ਘਰ ਦੀ ਸੇਜਾ ਸੁਭਾਇਮਾਨ ਹੋ ਜਾਂਦੀ ਹੈ। 'ਨਾਨਕ' ਜੀ ਦਾ ਕਥਨ ਹੈ, ਫਿਰ ਉਹ ਜੀਵ-ਇਸਤ੍ਰੀ ਦਿਨ ਰਾਤ ਹਰ ਵੇਲੇ ਹੀ ਪ੍ਰਭੂ-ਪ੍ਰੀਤਮ ਦਾ ਮਿਲਾਪ ਪ੍ਰਾਪਤ ਕਰਦੀ ਹੈ ਅਤੇ ਉਸ ਦਾ ਪਤੀ-ਪ੍ਰਭੂ, ਉਸ ਲਈ ਸਦਾ ਲਈ ਸਥਿਰ ਰਹਿਣ ਵਾਲਾ ਸੁਹਾਗ-ਭਾਗ ਹੋ ਜਾਂਦਾ ਹੈ।


www.AKJ.Org

# ਧਰਮਰਾਇ, ਚਿਤਰ ਗੁਪਤ ਤੇ ਆਵਾ ਗਵਨ

[ਗੁਰਪੁਰ ਵਾਸੀ ਭਾ: ਸ: ਭਾਈ ਰਣਧੀਰ ਸਿੰਘ ਜੀ]

ਰਚਨਹਾਰ ਕਰਤਾਰ ਦੇ ਬਿਸਥਾਰਕ ਗੁਣਾਂ ਵਿਚੋਂ ਨਾ ਵਰਣਨ ਕੀਤੇ ਜਾ ਸਕਣ ਵਾਲੇ ਗੁਣ ਨਾਨਾ ਪ੍ਰਕਾਰ ਦੇ ਹਨ। ਇਥੇ ਗੁਰਬਾਣੀ ਦੁਆਰਾ ਖੁਲ੍ਹਮ-ਖੁੱਲ੍ਹਾ ਇਸ ਭੇਦ ਦਾ ਇਜ਼ਹਾਰ ਹੁੰਦਾ ਹੈ ਕਿ ਕਰਤਾਰ ਦੀ ਰਚਨਾ ਅੰਦਰ ਇਕ ਨਹੀਂ, ਅਨੇਕ ਕੋਟ-ਕੋਟਾਨ ਬਿਸ਼ਨੂੰ ਅਵਤਾਰ ਰਚੇ ਗਏ ਹਨ, ਇਸ ਧਰਤੀ ਵਾਂਗੂ ਕੋਟ-ਕੋਟਾਨ ਬ੍ਰਹਿਮੰਡ ਬਣਾਏ ਗਏ ਹਨ, ਕੋਟਿ ਮਹੇਸ਼ ਉਪਾਏ ਗਏ ਹਨ ਅਤੇ ਉਪਾਇ ਕੈ ਸਮਾਏ ਗਏ ਹਨ, ਕੋਟਿ ਬ੍ਰਹਮੇ ਜਗ ਸਾਜਣ ਲਾਏ ਗਏ ਹਨ। ਜਿਸ ਧਣੀ ਗੋਬਿੰਦ ਗੋਪਾਲ ਦੇ ਦੁਆਰੇ ਉਤੇ ਕੋਟਿ ਇੰਦਰ ਖੜੇ ਪਾਣੀ ਭਰਦੇ ਹਨ, ਕੋਟਿ ਸ਼ਿਵ ਸ਼ਕਤੀਆਂ ਜਿਸ ਦੀ ਆਗਿਆਕਾਰ ਹੋ ਕੇ ਵਰਤਦੀਆਂ ਹਨ, ਓਥੇ ਇਹ ਸੱਚਾਈ ਵੀ ਗੁਰਬਾਣੀ ਵਰਣਨ ਕਰਦੀ ਹੈ ਕਿ "ਧਰਮਰਾਇ ਹੈ ਹਰਿ ਕਾ ਕੀਆ", ਵਾਹਿਗੁਰੂ ਸਿਰਜਨਹਾਰ ਦੀ ਸਿਰਜੀ ਰਚਨਾ ਵਿਚੋਂ ਧਰਮਰਾਇ ਭੀ ਵਾਹਿਗੁਰੂ ਦਾ ਹੀ ਸਿਰਜਿਆ ਹੋਇਆ ਹੈ। ਗੁਰੂ ਨਾਨਕ ਪੰਚਮੇਸ਼ ਦੀ ਅਪਾਰ ਵਿਸ਼ਾਲ ਦਿਬ ਦ੍ਰਿਸ਼ਟੀ ਹੀ ਕਰਤਾਰ ਦੀ ਇਸ ਅਗਮ ਅਗੋਚਰੀ ਸਿਰਜਨਹਾਰਤਾ ਦੀ ਨਿਜ ਅੱਖੀਂ ਡਿੱਠੀ ਸ਼ਾਹਦੀ ਭਰਦੀ ਹੈ, ਜੈਸੇ ਕਿ ਅਜਿਹੇ ਗੁਰਵਾਕਾਂ ਦੀ ਅਥਾਰਿਟੀ (*Authority*) ਤੋਂ ਸਾਬਤ ਹੈ। ਯਥਾ ਗੁਰਵਾਕ :—

ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥
ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥
ਐਸੋ ਧਣੀ ਗੁਵਿੰਦ ਹਮਾਰਾ ॥ ਬਰਨਿ ਨ ਸਾਕਉ ਗੁਣ ਬਿਸਥਾਰਾ ॥੧॥ਰਹਾਉ॥
ਕੋਟਿ ਮਾਇਆ ਜਾ ਕੈ ਸੇਵਕਾਇ ॥ ਕੋਟਿ ਜੀਅ ਜਾ ਕੀ ਸਿਹਜਾਇ ॥
ਕੋਟਿ ਉਪਾਰਜਨਾ ਤੇਰੈ ਅੰਗਿ ॥ ਕੋਟਿ ਭਗਤ ਬਸਤ ਹਰਿ ਸੰਗਿ ॥੨॥
ਕੋਟਿ ਛਤ੍ਰਪਤਿ ਕਰਤ ਨਮਸਕਾਰ ॥ ਕੋਟਿ ਇੰਦ੍ਰ ਠਾਢੇ ਹੈ ਦੁਆਰ ॥
ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ ॥ ਕੋਟਿ ਨਾਮ ਜਾ ਕੀ ਕੀਮਤਿ ਨਾਹਿ ॥੩॥
ਕੋਟਿ ਪੂਰੀਅਤ ਹੈ ਜਾ ਕੈ ਨਾਦ ॥ ਕੋਟਿ ਅਖਾਰੇ ਚਲਿਤ ਬਿਸਮਾਦ ॥
ਕੋਟਿ ਸਕਤਿ ਸਿਵ ਆਗਿਆਕਾਰ ॥ ਕੋਟਿ ਜੀਅ ਦੇਵੈ ਆਧਾਰ ॥੪॥
ਕੋਟਿ ਤੀਰਥ ਜਾ ਕੇ ਚਰਨ ਮਝਾਰ ॥ ਕੋਟਿ ਪਵਿਤ੍ਰ ਜਪਤ ਨਾਮ ਚਾਰ ॥
ਕੋਟਿ ਪੂਜਾਰੀ ਕਰਤੇ ਪੂਜਾ ॥ ਕੋਟਿ ਬਿਸਥਾਰਨੁ ਅਵਰੁ ਨ ਦੂਜਾ ॥੫॥
ਕੋਟਿ ਮਹਿਮਾ ਜਾ ਕੀ ਨਿਰਮਲ ਹੰਸ ॥ ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ ॥
ਕੋਟਿ ਪਰਲਉ ਓਪਤਿ ਨਿਮਖ ਮਾਹਿ ॥ ਕੋਟਿ ਗੁਣਾ ਤੇਰੇ ਗਣੇ ਨ ਜਾਹਿ ॥੬॥
ਕੋਟਿ ਗਿਆਨੀ ਕਥਹਿ ਗਿਆਨੁ ॥ ਕੋਟਿ ਧਿਆਨੀ ਧਰਤ ਧਿਆਨੁ ॥
ਕੋਟਿ ਤਪੀਸਰ ਤਪ ਹੀ ਕਰਤੇ ॥ ਕੋਟਿ ਮੁਨੀਸਰ ਮੋਨਿ ਮਹਿ ਰਹਤੇ ॥੭॥
ਅਵਿਗਤ ਨਾਥੁ ਅਗੋਚਰ ਸੁਆਮੀ ॥ ਪੂਰਿ ਰਹਿਆ ਘਟ ਅੰਤਰਜਾਮੀ ॥
ਜਤ ਕਤ ਦੇਖਉ ਤੇਰਾ ਵਾਸਾ ॥ ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥੮॥੨॥੫॥

ਭੈਰਉ ਮ: ੫, ਪੰਨਾ ੧੧੫੬-੫੭

ਇਹ ਪਿਛਲੀ ਪੰਗਤੀ ਦਸਦੀ ਹੈ ਕਿ ਉੱਪਰ ਦੱਸੀ ਗੁਪਤ ਖੇਡ ਕਰਤਾਰ ਗੁਰੂ ਦੀ ਅਗੰਮੀ ਦਾਤਿ ਦੁਆਰਾ ਹੀ ਗੁਰੂ ਪੰਚਮ ਪਾਤਸ਼ਾਹ ਨੂੰ ਗੁਪਤ ਪ੍ਰਕਾਸ਼ਤ ਹੋਈ ਅਤੇ ਅਦ੍ਰਿਸ਼ਟੋਂ ਦ੍ਰਿਸ਼ਟਮਾਨ ਹੋਈ। ਇਸ ਸਰਬੱਗਤਾ ਦੀ ਬਖਸ਼ਿਸ਼ ਵਾਲੇ (ਵਸੀਅ) ਵਿਕਾਸ ਨੂੰ ਭਾਵੇਂ ਅਲਪਗ ਦ੍ਰਿਸ਼ਟੀ ਦੇ ਆਮ ਬੰਦੇ ਨਹੀਂ ਪਹੁੰਚ ਸਕਦੇ, ਪਰ ਗੁਰੂ



www.AKJ.Org

ਸਾਹਿਬਾਨ ਉਤੇ ਪੂਰਨ ਗੁਰਰੱਤਾ ਤੇ ਸਰਬੱਗਤਾ ਦੇ ਮਾਲਕ ਹੋਣ ਦੀ ਸ਼ਰਧਾ-ਭਾਵਨੀ ਰੱਖਣ ਵਾਲੇ ਗੁਰੂ ਕੇ ਸਿੱਖ, ਉੱਪਰ-ਦਿਤੇ ਗੁਰ-ਪ੍ਰਮਾਣ ਦੀ ਸਤਿ ਬਿਸਥਾਰਤਾ ਉਤੇ ਪਰਪੱਕ ਯਕੀਨ ਰਖਦੇ ਹਨ। ਅਤੇ ਕਈ ਗੁਰੂ ਦੇ ਦਿਬਿ-ਦ੍ਰਿਸ਼ਟਿ ਵਰੋਸਾਏ ਹੋਏ ਅਨਿੰਨ ਗੁਰਮੁਖ ਜਨਾਂ ਨੇ ਇਸ ਬਿਸਥਾਰਤਾ ਨੂੰ ਆਪਣੀ ਅੱਖੀਂ ਪਰਤੱਖ ਭੀ ਪੇਖ ਲਿਆ ਹੈ। ਗੁਰਬਾਣੀ ਨੂੰ ਸਤਿ ਸਤਿ ਕਰਿ ਮੰਨਣ ਵਾਲੇ ਸ਼ਰਧਾਵਾਨ ਗੁਰਸਿੱਖਾਂ ਨੂੰ ਸੰਦੇਹ ਕੁਛ ਭੀ ਨਹੀਂ ਰਹਿ ਜਾਂਦਾ, ਜਦੋਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰ ਬਿਸਥਾਰਨੀ ਸਮੁੰਦਰ-ਕੂਜਨੀ ਕੁੰਜੀ ਸ੍ਰੀ ਜਪੁਜੀ ਸਾਹਿਬ ਦਾ ਨਿਤਾਪ੍ਰਤੀ ਨਿਯਮ-ਪ੍ਰਿਮਨੀ ਪਾਠ ਕਰਦੇ ਹੋਏ ਅੰਤਲੇ ਸਲੋਕ ਉਤੇ ਮੱਥਾ ਨਿਵਾਇ ਕੈ ਭੋਗ ਪਾਉਂਦੇ ਹਨ ਅਤੇ ਇਹ ਤੁਕਾਂ ਪੜ੍ਹਦੇ ਹਨ :—

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ (ਪੰਨਾ ੮)

ਸਪੱਸ਼ਟ ਭਾਵ ਹੈ ਕਿ ਕਰਤੇ ਦਾ ਥਾਪਿਆ ਹੋਇਆ ਧਰਮਰਾਇ ਸੰਸਾਰੀਆਂ ਦੀਆਂ ਕਰਤੂਤਾਂ ਨੂੰ, ਚੰਗਿਆਈਆਂ ਬੁਰਿਆਈਆਂ ਨੂੰ ਆਪਣੀ ਹਜ਼ੂਰੀ ਵਿਚ ਵਾਚਦਾ ਵਿਚਾਰਦਾ ਹੈ, ਜਦੋਂ ਕਿ ਸੰਸਾਰੀ ਪੁਰਸ਼ ਆਪਣੀ ਜੀਵਨ-ਯਾਤਰਾ ਸੰਪੂਰਨ ਕਰ ਕੇ, ਅਗੇ ਚਲ ਕੇ ਧਰਮਰਾਇ ਦੀ ਹਜ਼ੂਰੀ ਵਿਚ ਪੇਸ਼ ਹੁੰਦੇ ਹਨ। ਪਰ ਨਾਮ ਜਪਣਹਾਰੇ, ਨਾਮ ਦੀ ਘਾਲ ਕਮਾਈਆਂ ਕਰਨਹਾਰੇ ਗੁਰਮੁਖ ਧਰਮਰਾਇ ਦੀ ਕਚਹਿਰੀ ਵਿਚ ਪੇਸ਼ ਹੋਣੇ ਹੀ ਨਹੀਂ ਪਾਉਂਦੇ, ਸਗੋਂ ਧਰਮਰਾਇ ਉਹਨਾਂ ਦਾ ਸਨਮਾਨ ਕਰਦਾ ਹੈ। ਗੁਰਮਤਿ ਤੋਂ ਉਰੇ ਆਨ ਕਰਮ-ਧਰਮੀਆਂ ਦੀਆਂ ਪੇਸ਼ੀਆਂ ਧਰਮਰਾਇ ਦੀ ਹਜ਼ੂਰੀ ਵਿਚ ਹੁੰਦੀਆਂ ਹਨ ਅਤੇ ਅਵਸ਼ਜ ਹੁੰਦੀਆਂ ਹਨ। ਇਸ ਵਿਚ ਰੰਚਕ ਸੰਦੇਹ ਨਹੀਂ। ਜੈਸਾ ਕਿ ਉਪਰਲਾ ਵਾਕ ਪ੍ਰੋੜ੍ਹਤਾ ਕਰਦਾ ਹੈ। ਇਸ ਗੁਰਵਾਕ ਦੀ ਰੌਸ਼ਨੀ ਵਿਚ ਕੋਈ ਗੁਰਸਿੱਖ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦਾ ਕਿ ਧਰਮਰਾਇ ਦੀ ਹੋਂਦ ਹਸਤੀ ਨਹੀਂ ਹੈ।

ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਗੁਰਮੁਖਾਂ ਨੂੰ ਇਹ ਬਖਸ਼ੀਸ਼ ਹੁੰਦੀ ਹੈ ਕਿ ਓਹ ਮੁੱਖ ਉਜਲਾ ਲੈ ਕੇ ਸੁਰਖ਼ਰੂਈ ਸਹਿਤ ਸਚਖੰਡੀ ਦਰਬਾਰ ਵਿਚ ਪੈਧੇ ਜਾਂਦੇ ਹਨ ਅਤੇ ਉਨ੍ਹਾਂ ਦੇ ਤੁਫ਼ੈਲ, ਉਨ੍ਹਾਂ ਦੇ ਸਤਿਸੰਗ ਪ੍ਰਭਾਵ ਨਾਲ ਹੋਰ ਕੇਤੀ ਲੁਕਾਈ ਭੀ ਛੁਟਕਾਰਾ ਪਾਉਂਦੀ ਹੈ, ਧਰਮਰਾਇ ਪਾਸ ਲੇਖਾ ਦੇਣੋਂ ਅਤੇ ਆਵਾ ਗਵਣ ਦੇ ਗੇੜ ਵਿਚ ਪੈਣੋਂ ਬਚ ਜਾਂਦੀ ਹੈ। ਇਸ ਬਖ਼ਸ਼ੀਸ਼ ਤੋਂ ਵਾਂਜੇ ਹੋਏ ਸਾਰੇ ਸੰਸਾਰੀ ਜੀਵ ਜਨਮ-ਮਰਨ (ਆਵਾ ਗਉਣ) ਦੇ ਗੇੜ ਵਿਚ ਸਦਾ ਭਵਾਈਦੇ ਹਨ। ਸ੍ਰੀ ਜਪੁਜੀ ਸਾਹਿਬ ਦੀ ਇਹ ਪੰਗਤੀ "ਇਕਿ ਹੁਕਮੀ ਸਦਾ ਭਵਾਈਅਹਿ" ਆਵਾ ਗਉਣ ਦੇ ਗੁਰਮਤਿ ਅਸੂਲ ਨੂੰ ਹੀ ਪ੍ਰਤਿਪਾਦਨ ਕਰਾਉਂਦੀ ਹੈ।

ਗੁਰ-ਸ਼ਬਦ ਗੁਰਦੀਖਿਆ ਗੁਰਮੰਤ੍ਰ ਗੁਰਮਤਿ ਨਾਮ ਦੀ ਕਮਾਈ ਦੁਆਰਾ ਹੀ ਇਸ ਭਵ-ਸਾਗਰ ਤੋਂ ਤਰ ਕੇ ਪਾਰ ਪਈਦਾ ਹੈ ਅਤੇ ਆਵਾ ਗਉਣ ਤੋਂ ਛੁਟਕਾਰਾ ਪਾਇ ਕੇ ਧਰਮਰਾਇ ਤੋਂ ਅਛੱਤ ਜਾਇ ਕੈ ਸਿਧੇ ਗੁਰਪੁਰੀ ਨੂੰ ਸਿਧਾਈਦਾ ਹੈ। ਜਿਨ੍ਹਾਂ ਨੂੰ ਗੁਰਮਤਿ ਨਾਮ ਵਾਹਿਗੁਰੂ ਦੀ ਸੂਝ-ਬੂਝ ਨਹੀਂ ਆਈ, ਤਿਨ੍ਹਾਂ ਨੂੰ ਜਨਮ ਮਰਨ ਆਵਾ ਗਵਣ ਦੇ ਗੇੜ ਵਿਚ ਜ਼ਰੂਰੀ ਹੀ ਪੈਣਾ ਪੈਂਦਾ ਹੈ। ਯਥਾ ਗੁਰਵਾਕ :—

ਮਨ ਰੇ ਸਬਦਿ ਤਰਹੁ ਚਿਤੁ ਲਾਇ ॥
ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥੧॥ਰਹਾਉ॥੪॥੧੫॥ (ਪੰ: ੧੯)

ਸਿੱਧ ਹੋਇਆ ਕਿ ਨਾਮ-ਹੀਣਿਆਂ ਮਨਮੁਖਾਂ ਨੂੰ ਆਵਾ ਗਉਣ ਭੁਗਤਣਾ ਹੀ ਪੈਂਦਾ ਹੈ। ਸਤਿਗੁਰਾਂ ਦੇ ਬਣਾਏ ਜਹਾਜ਼ ਬੇੜੇ ਸਚੇ ਬੋਹਿਥੇ ਚੜ੍ਹ ਕੇ ਹੀ ਗੁਰ-ਗਿਆਨ ਵੀਚਾਰ ਦੁਆਰਾ ਹੀ ਇਸ ਭਵ-ਸਾਗਰ ਤੋਂ ਪਾਰ ਪੈ ਸਕੀਦਾ ਹੈ। ਨਹੀਂ ਤਾਂ ਪੂਰਾਂ ਦੇ ਪੂਰ ਹੀ ਹੰਕਾਰ ਭਰੇ ਆਵਾ ਗਉਣ ਦੇ ਗੇੜ, ਘੁੰਮਣ-ਘੇਰ ਵਿਚ ਪੈਂਦੇ ਹਨ। ਅਨੇਕਾਂ ਆਉਂਦੇ ਹਨ, ਜਨਮ-ਜੂਨੀਆਂ ਵਿਚ ਪੈਂਦੇ ਹਨ। ਅਨੇਕਾਂ ਹੀ ਮਰ ਮਰ ਕੇ ਜਾਂਦੇ ਹਨ। ਯਥਾ ਗੁਰਵਾਕ:—


www.AKJ.Org

ਨਾਨਕ ਬੇੜੀ ਸਚ ਕੀ ਤਰੀਐ ਗੁਰਿ ਵੀਚਾਰਿ ॥
ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥ ॥੧॥੧੬॥ (ਪੰਨਾ ੨੦)

ਹੰਕਾਰੀਆਂ ਮਨ-ਮਤਸਰੀਆਂ ਦੇ ਪੂਰਾਂ ਦੇ ਪੂਰ ਭਰੇ ਹੋਏ ਲੱਦੇ ਹੋਏ ਆਵਾ-ਗਵਨੀ ਜਨਮ-ਜੋਨੀਆਂ ਵਿਚ ਪੈਂਦੇ ਰਹਿੰਦੇ ਹਨ। ਅਗਲਾ ਗੁਰਵਾਕ ਇਸ ਆਵਾ ਗਉਣ ਦੇ ਗੁਰਮਤਿ ਅਸੂਲ ਦਾ ਅਤੇ ਧਰਮਰਾਇ ਦੀ ਹੋਂਦ ਦਾ ਪੱਕਾ ਪ੍ਰੌੜ੍ਹਤਾ-ਮਈ ਸਬੂਤ ਦਿੰਦਾ ਹੈ। ਯਥਾ ਗੁਰਵਾਕ :–

ਹਰਿ ਜੀ ਸਚਾ ਸਚੁ ਤੂ ਸਭੁ ਕਿਛੁ ਤੇਰੈ ਚੀਰੈ ॥
ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ ਭੇਟੇ ਪੀਰੈ ॥
ਹਰਿ ਜੀਉ ਬਖਸੇ ਬਖਸਿ ਲਏ ਸੂਖ ਸਦਾ ਸਰੀਰੈ ॥
ਗੁਰ ਪਰਸਾਦੀ ਸੇਵ ਕਰੀ ਸਚੁ ਗਹਿਰ ਗੰਭੀਰੈ ॥੧॥
ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥
ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥੧॥ਰਹਾਉ॥
ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥
ਅਧਿਆਤਮੀ ਹਰਿ ਗੁਣਤਾਸੁ ਮਨਿ ਜਪਹਿ ਏਕੁ ਮੁਰਾਰਿ ॥
ਤਿਨ ਕੀ ਸੇਵਾ ਧਰਮਰਾਇ ਕਰੈ ਧੰਨੁ ਸਵਾਰਣਹਾਰੁ ॥੨॥੬੩॥ (ਪੰਨਾ ੩੮-੩੯)

ਭਾਵ–ਹੇ ਵਾਹਿਗੁਰੂ ! ਤੂੰ ਸਚਾ ਹੈਂ, ਤੂੰਹੀ ਸਚੁ ਹੈਂ। ਤੂੰ ਮੁਜੱਸਮ ਸਚੁ ਹੈਂ। ਤੁਧੁ ਬਾਝੋਂ ਹੋਰ ਸਚੁ ਕੋਈ ਨਹੀਂ। ਤੂੰ ਸਚੁ ਸਰੂਪ ਹੈਂ। ਸਭ ਕਿਛ ਅਤੇ ਸਭ ਕੋਈ ਤੇਰੇ ਹੀ ਸਚੇ ਹੁਕਮ ਦੇ ਦਾਇਰੇ ਤੇ ਪ੍ਰਬੰਧ ਅੰਦਰ ਹੈ। ਤੈਂ ਐਸੀ ਸਚ ਹੁਕਮ-ਮਈ ਬਣਤ ਬਣਾਈ ਹੈ ਕਿ ਤੇਰੇ ਹੁਕਮ ਅਨੁਸਾਰ ਸਚੇ ਸਤਿਗੁਰੂ ਨੂੰ ਭੇਟੈ ਬਾਝੋਂ ਸਭ ਲਖ ਚੁਰਾਸੀ ਮੇਦਨੀ ਲਖ ਚੁਰਾਸੀ ਜੂਨਾਂ ਦੇ ਗੇੜ ਵਿਚ ਹੀ ਭਉਂਦੀ ਫਿਰਦੀ ਹੈ। ਸਤਿਗੁਰੂ ਬਾਝੋਂ ਹੋਰ ਕੋਈ ਗੁਰ ਪੀਰ ਨਹੀਂ, ਜੋ ਇਸ ਚੁਰਾਸੀ ਦੇ ਗੇੜ ਵਿਚੋਂ ਚੁਰਾਸੀ ਦੇ ਜੀਵਾਂ ਨੂੰ ਕਢ ਸਕਦਾ ਹੈ। ਸਤਿਗੁਰ ਦੀ ਸ਼ਫ਼ਾਅਤ ਦੁਆਰਾ ਜਿਸ ਨੂੰ ਤੂੰ ਹੇ ਵਾਹਿਗੁਰੂ ! ਬਖ਼ਸ਼ ਲਵੇਂ, ਸੋ ਬਖ਼ਸ਼ਿਆ ਜਾ ਸਕਦਾ ਹੈ ਅਤੇ ਉਸੇ ਦੇ ਤਨ ਮਨ ਅੰਦਰ ਹੀ ਸਚਾ ਸੁਖ ਸਦਾ ਲਈ ਵਸ ਸਕਦਾ ਹੈ। ਹੇ ਸਚੇ ਗਹਿਰ ਗੰਭੀਰ ਵਾਹਿਗੁਰੂ ! ਜੋ ਤੇਰੀ ਸਚੀ ਸੇਵਾ ਭਗਤੀ, ਸਿਮਰਨ-ਮਈ ਸੇਵਾ ਗੁਰ ਪ੍ਰਸਾਦਿ ਕਰਿ ਕਰਦਾ ਹੈ ਅਤੇ ਕਰਨ ਵਿਚ ਸਦਾ ਤੱਤਪਰ ਰਹਿੰਦਾ ਹੈ, ਨਾਮ ਵਿਚ ਰਤਿਆਂ, ਸਦਾ ਨਾਮ ਵਿਚ ਰਤੇ ਰਹਿਣ ਕਰਕੇ ਹੀ ਉਸ ਨੂੰ ਸਚਾ ਸੁਖ ਪ੍ਰਾਪਤ ਹੁੰਦਾ ਹੈ। ਗੁਰਮਤਿ ਅਨੁਸਾਰ ਹੀ ਜੋ ਨਾਮੁ ਸਲਾਹੁੰਦੇ ਧਿਆਉਂਦੇ ਹਨ ਅਤੇ ਦੂਜੇ ਪਾਸੇ ਚਿਤ ਨਹੀਂ ਲਾਉਂਦੇ, ਸੇਈ ਬਖ਼ਸ਼ੇ ਜਾਂਦੇ ਹਨ ਅਤੇ ਸਚੀ ਦਰਗਹ ਪਰਵਾਨ ਪੈਂਦੇ ਹਨ। ਧਰਮਰਾਇ ਨੂੰ ਵਾਹਿਗੁਰੂ ਦਾ ਸਦਾ ਹੁਕਮੁ ਹੈ ਕਿ ਸਚਾ ਧਰਮ ਨਿਆਉਂ ਵਿਚਾਰੇ ਤੇ ਸਚ ਨਿਬੇੜਾ ਕਰੇ। ਦੂਜੇ ਭਾਇ ਦੇ ਗ੍ਰਸੇ ਹੋਏ ਦੁਸ਼ਟ-ਆਤਮੀ ਜੀਵ ਹੀ ਧਰਮਰਾਇ ਦੇ ਵਸਿ ਪੈਂਦੇ ਹਨ। ਇਹ ਸਭ ਧਰਮਰਾਇ ਦੀ ਰਈਅਤ ਹਨ। ਵਾਹਿਗੁਰੂ ਗੁਣਤਾਸ ਨੂੰ ਹਰ ਦੰਮ ਹਿਰਦੇ ਅੰਦਰ ਰਖਣ ਵਾਲੇ ਅਧਿਆਤਮੀ (ਪਰਮਾਤਮਾ ਨਾਲ ਜੁੜੀ ਹੋਈ ਆਤਮਾ ਵਾਲੇ) ਪੁਰਸ਼, ਇਹ ਸਭ ਨਿਰੰਕਾਰੀ ਦਰਗਾਹ ਦੇ ਸੀਗੇ ਵਿਚ ਹਨ। ਏਥੇ ਏਹਨਾਂ ਏਕ ਮੁਰਾਰਿ ਨਿਰੰਕਾਰ ਦੇ ਜਪਣਹਾਰਿਆਂ ਤਾਈਂ ਧਰਮਰਾਇ ਦੀ ਪਹੁੰਚ ਨਹੀਂ, ਸਗੋਂ ਤਿਨ੍ਹਾਂ ਵਾਹਿਗੁਰੂ ਦੇ, ਧੰਨ ਸੰਵਾਰਨਹਾਰਿਆਂ ਦੀ ਧਰਮਰਾਇ ਸੇਵਾ ਕਰਦਾ ਹੈ। ਉਹਨਾਂ ਵਲ ਕੈਰੀ ਨਿਗਾਹ ਤਾਂ ਕੀ ਝਾਕ ਸਕਣਾ ਸੀ ਧਰਮਰਾਇ ਨੇ, ਉਲਟਾ ਹੁਕਮੀ ਬੰਦਾ ਸੇਵਾਦਾਰ ਰਹਿੰਦਾ ਹੈ। ਇਹ ਸਭ ਕੁਛ ਕਰਤਾਰ ਦੇ ਹੁਕਮ ਅਨੁਸਾਰ ਹੀ ਹੈ। ਕਰਤਾਰ ਦਾ ਸਾਜਿਆ ਹੋਇਆ ਹੀ ਧਰਮਰਾਇ ਹੈ। ਉਸ ਕਰਤਾਰ ਦੇ ਹੁਕਮਾਂ ਅਨੁਸਾਰ ਕਾਰ ਕਮਾਵੰਦਾ ਹੈ।

ਨਿਰੰਕਾਰ ਕਰਤਾਰ ਦੇ ਹੁਕਮ ਅੰਦਰ ਆਵਾ ਗਉਣ ਬਣਿਆ ਹੈ ਅਤੇ ਹੁਕਮ ਅੰਦਰ ਹੀ ਜੀਵਾਂ ਨੂੰ ਆਵਾ


www.AKJ.Org

ਗਉਣ ਭੁਗਤਣਾ ਬਣਦਾ ਹੈ। ਯਥਾ ਗੁਰਵਾਕ :—

ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ ॥
ਲਖ ਚਉਰਾਸੀਹ ਫਿਰਿ ਫਿਰਿ ਆਵੈ ਬਿਰਥਾ ਜਨਮੁ ਗਵਾਇਆ ॥੪॥੨੪॥ (ਪੰਨਾ ੬੯)

ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ ॥
ਮਾਤ ਪਿਤਾ ਸੁਤ ਭਾਈਆ ਸਾਜਨ ਸੰਗਿ ਪਰੀਤਿ ॥
ਲਸਕਰ ਤਰਕਸਬੰਦ ਬੰਦ ਜੀਉ ਜੀਉ ਸਗਲੀ ਕੀਤ ॥
ਚਿਤਿ ਨ ਆਇਓ ਪਾਰਬ੍ਰਹਮ ਤਾ ਖੜਿ ਰਸਾਤਲਿ ਦੀਤ ॥੭॥ (ਪੰਨਾ ੭੦-੭੧)

ਓਹੋ ! ਕੈਸੀ ਭਿਆਨਕ ਦਸ਼ਾ ਹੈ ਕਿ ਇਸ ਲੋਕ ਵਿਚ ਬਹੁਤੇ ਧਨਾਢ ਅਤੇ ਅਚਾਰਵੰਤ, ਸੋਭਾਵੰਤ ਅਤੇ ਵੱਧ ਵੱਧ ਕੇ ਨਿਰਮਲ ਰੀਤੀਆਂ ਕਰਨ ਵਾਲਿਆਂ ਨੂੰ ਅਗੇ ਜਾ ਕੇ ਫੜ ਖੜ ਕੇ ਰਸਾਤਲੀਂ ਹੀ ਪਾਇਆ ਘਤਿਆ ਜਾਏਗਾ। ਜਿਨ੍ਹਾਂ ਨੂੰ ਪਾਰਬ੍ਰਹਮ ਕਦੇ ਚਿਤ ਨਹੀਂ ਆਇਆ, ਉਹਨਾਂ ਦੇ ਧਨਾਢਪੁਣੇ ਨੇ ਕੱਖ ਭੀ ਸਹਾਇਤਾ ਨਹੀਂ ਕਰਨੀ। ਉਹਨਾਂ ਦੇ ਅਚਾਰਵੰਤ ਹੋਣ ਦਾ ਰਾਈ ਮਾਤ੍ਰ ਭੀ ਸੁਬੇਹਤਾ ਨਹੀਂ ਹੋਵੇਗਾ। ਓਥੇ ਅਗੇ ਚੱਲ ਕੇ ਉਹਨਾਂ ਦੀਆਂ ਸੰਸਾਰੀ ਸੋਭਾ ਖੱਟਣ ਖ਼ਾਤਰ ਉੱਚੀਆਂ ਕਰਣੀਆਂ ਕਰਤੂਤਾਂ ਕੀਤੀਆਂ, ਕਿਸੇ ਭੀ ਕੰਮ ਨਹੀਂ ਆਉਣੀਆਂ, ਅਤੇ ਸੰਸਾਰਕ ਸੰਬੰਧੀਆਂ ਰਿਸ਼ਤੇਦਾਰਾਂ ਤੇ ਕੁਟੰਬੀਆਂ ਨੇ ਉਨ੍ਹਾਂ ਦਾ ਕੁਛ ਭੀ ਨਹੀਂ ਸਾਰਨਾ। ਜਿਨ੍ਹਾਂ ਦੀ ਖ਼ਾਤਰ ਸਾਰੀ ਉਮਰ ਖਪਿ ਖਪਿ ਮਰਨ ਵਿਚ ਹੀ ਉਹਨਾਂ ਦੀ ਵਿਹਾਈ ਉਹਨਾਂ ਦੇ ਲਸ਼ਕਰ, ਤਰਕਸਾਂ, ਅਨਿਕ ਪ੍ਰਕਾਰੀ ਹਥਿਆਰਾਂ ਨੇ ਭੀ ਉਹਨਾਂ ਦੀ ਰੰਚਕ ਭਰ ਇਮਦਾਦ ਨਹੀਂ ਕਰਨੀ, ਜਿਨ੍ਹਾਂ ਉਤੇ ਐਡਾ ਮਾਣ ਕਰੀ ਫਿਰਦੇ ਰਹੇ ਸਨ। ਨਾ ਹੀ ਜੀਉ ਜੀਉ ਕਰਿ ਬੋਲਣ ਵਾਲੇ ਖ਼ੁਸ਼ਾਮਦੀਆਂ ਨੇ ਕਿਸੇ ਕੰਮ ਆਉਣਾ ਹੈ। ਰਸਾਤਲ-ਗ੍ਰਸਿਆਂ ਨੂੰ ਕਿਸੇ ਨੇ ਨਹੀਂ ਛੁਡਾਉਣਾ। ਛੁਡਾਉਣਹਾਰਾ ਇਕ ਪਾਰਬ੍ਰਹਮ ਦਾ ਨਾਉਂ ਹੀ ਹੈ, ਸੋ ਕਦੇ ਚਿਤਿ ਨਹੀਂ ਆਇਆ। ਹੁਣ ਕੌਣ ਛੁਡਾਵੇ ਜਦੋਂ ਸਿਰ ਤੇ ਆ ਬਣਨਗੀਆਂ ? ਆ ਬਣਨਗੀਆਂ ਜ਼ਰੂਰ, ਇਹ ਰਸਾਤਲੀ ਸਜ਼ਾਵਾਂ ਜ਼ਰੂਰ ਭੁਗਤਣੀਆਂ ਬਣਨਗੀਆਂ।

ਅਜਿਹੇ ਉਪਰਲੇ ਗੁਰਵਾਕ ਪੜ੍ਹ ਸੁਣ ਕੇ ਕੁਛ ਭੀ ਗੁਮੇਹ ਨਾ ਕਰਨ ਵਾਲਿਆਂ ਦਾ ਇਹੋ ਹਾਲ ਹੋਊ। ਇਸ ਦਿਸਦੀ ਦੁਨੀਆ ਦੀਆਂ ਮਿੱਠੀਆਂ ਐਸ-ਇਸ਼ਰਤੀ ਲੋਰੀਆਂ ਦੇ ਭਰਮ-ਭੁਲਾਵਿਆਂ ਵਿਚ ਨਿਘਰਤ ਹੋਇਆਂ ਦੀ ਏਥੇ ਤਾਂ ਅੱਖ ਨਹੀਂ ਉਘੜੀ ਅਤੇ ਅਗਲੀ ਗੱਲ ਨਹੀਂ ਸੁਝੀ, ਪਰ ਓਦੋਂ ਹੀ ਕੰਨ ਖੁਲ੍ਹਣਗੇ, ਜਦ ਸਿਰ ਤੇ ਆ ਬਣੂ। ਫੇਰ ਕੀ ਬਣਨਾ ਹੈ ? ਅਉਸਰ ਖੁੰਝਿਆਂ ਲੱਖ ਚੁਰਾਸੀ ਜੂਨਾਂ ਦੇ ਫੇਰ ਵਿਚ ਪਇਆਂ ਖ਼ਬਰੇ ਕਦੋਂ ਮਨੁਖਾ ਜਨਮ ਮਿਲਣਾ ਹੈ ? ਜੰਮਣ ਮਰਣਾ ਕਦੇ ਮੁਕਣਾ ਹੀ ਨਹੀਂ, ਜੈਸਾ ਕਿ ਅਗਲਾ ਗੁਰਵਾਕ ਦੱਸਦਾ ਹੈ। ਯਥਾ—

ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥੧॥੧੪॥ (ਪੰਨਾ ੮੮)

ਭਾਵ—ਜਿਨ੍ਹਾਂ ਨੇ ਮਨੁੱਖਾ-ਜਨਮ ਪਾਇਕੇ ਸਤਿਗੁਰੂ ਦੀ ਦੀਖਿਆ ਨਹੀਂ ਲਈ, ਗੁਰਸਿਖੀ ਧਾਰਨ ਨਹੀਂ ਕੀਤੀ, ਸ਼ਬਦ-ਕਮਾਈ ਰੂਪੀ ਸੇਵਾ ਭਗਤੀ ਵਾਲੀ ਸੁਮੱਤ ਨਹੀਂ ਲੀਤੀ, ਉਹ ਸਾਰੀ ਉਮਰ ਅਗਿਆਨੀ ਅੰਧਲੇ ਹੀ ਰਹੇ। ਤਿਨ੍ਹਾਂ ਦੀ ਸਾਰੀ ਅਵਰਦਾ ਅਗਿਆਨ ਵਿਚ ਹੀ ਵਿਹਾਈ। ਕਿਉਂਕਿ ਨਾਮ ਅਭਿਆਸ ਕਮਾਈ ਮਈ ਸ਼ਬਦ ਰਸ ਵੀਚਾਰ ਬਾਝੋਂ ਅੰਤਰ ਆਤਮੇ ਗਿਆਨ (ਸੱਚਾ ਗੁਰਮਤਿ ਗਿਆਨ) ਨਹੀਂ ਉਪਜਦਾ। ਬਸ ਇਸ ਗਿਆਨ, ਸੱਚੜੇ ਗੁਰਮਤਿ ਗਿਆਨ ਬਾਝੋਂ ਸਾਰਾ ਸੰਸਾਰ ਮਿਰਤਕ ਹੀ ਹੈ, ਐਵੇਂ ਮੁਰਦਾ ਲੋਥ ਹੀ ਹੈ। ਤਾਂ ਤੇ ਗੁਰ-ਗਿਆਨ ਵਿਹੂਣੇ ਨਿਗੁਰੇ ਮਿਰਤਕ ਸੰਸਾਰ ਨੂੰ ਚਉਰਾਸੀਹ ਲੱਖ ਜੂਨਾਂ ਦੇ ਫੇਰ ਵਿਚ ਅਵੱਸ਼ ਫਸਣਾ ਪਵੇਗਾ।


www.AKJ.Org

ਮੁੜ ਮੁੜ ਮਰ ਮਰ ਜੰਮ ਜੰਮ ਕੇ ਖੁਆਰ ਹੋਣਾ ਪਊ। ਜੁਗਾਂ ਬੱਧੀ ਖੁਆਰ ਹੋਣਾ ਪਊ। ਪਰ ਜੁਆਨੀ, ਜੋਬਨ ਦੀਆਂ ਅਹੰਮੇਵ-ਮਤੀਆਂ ਭਰ ਲਹਿਰਾਂ ਵਿਚ ਅਗਲੀ ਗੱਲ ਸੁਝਦੀ ਨਹੀਂ ਕਿ ਅੱਗੇ ਜਾ ਕੇ ਆਪਣੀਆਂ ਕੀਤੀਆਂ ਕਰਤੂਤਾਂ ਦਾ ਦੇਣੀਆ ਭੀ ਦੇਣਾ ਪਊ। ਪਰ ਦੇਣਾ ਜ਼ਰੂਰ ਪਊ। ਜੈਸਾ ਕਿ ਅਗਲਾ ਗੁਰਵਾਕ ਕੰਨ ਖੋਲ੍ਹਦਾ ਹੈ :–

ਧਰਮਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ ॥
ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਭਰਿ ਜੋਬਨੁ ਲਹਰੀ ਦੇਇ ॥੨॥੪॥ (ਪੰਨਾ ੭੭)

ਗੁਰੂ ਨਾਨਕ ਸਾਹਿਬ ਸਾਫ਼ ਫ਼ੁਰਮਾਂਦੇ ਹਨ ਕਿ ਅਗੇ ਜਾ ਕੇ ਧਰਮਰਾਇ ਜ਼ਰੂਰ ਫੜ ਕੇ ਲੇਖਾ ਮੰਗੇਗਾ, ਤਾਂ ਓਥੇ (ਧਰਮਰਾਇ ਦੇ ਅਗੇ) ਕੀ ਜਵਾਬ ਦੇਵੇਗਾ? ਕੁਛ ਭੀ ਨਹੀਂ। ਬੱਸ ਫਸਿਆ ਸੱਟਾਂ ਖਾਵੇਗਾ। ਐਥੇ ਉਸ ਦਾ ਇਹ ਕਹਿ ਛੱਡਣਾ ਕਿ 'ਅੱਗਾ ਕੁਛ ਨਹੀਂ, ਨਾ ਹੀ ਧਰਮਰਾਇ ਹੈ, ਇਹ ਤਾਂ ਐਵੇਂ ਹਊਏ ਹੀ ਹਨ' ਅਗੇ ਜਾ ਕੇ ਸਰਪਰ ਉਘੜੇਗਾ। ਫੇਰ ਪਛਤਾਵਾ ਲਗੂ ਕਿ ਸਤਿਗੁਰੂ ਦੇ ਬਚਨ ਵਾਕਾਂ ਨੂੰ ਭੀ ਐਵੇਂ ਅਸੱਤਿ ਕਰ ਕੇ ਹੀ ਮੰਨਿਆ। ਸਤਿ ਸਤਿ ਕਰ ਕੇ ਮੰਨਦੇ ਤਾਂ ਜਵਾਬ-ਦੇਹੀ ਤਾਂ ਨਾ ਦੇਣੀ ਪੈਂਦੀ। ਧਰਮਰਾਇ ਦੀ ਹੋਂਦ ਨ ਮੰਨੀ ਤਾਂ ਹੀ ਅਵੇਸਲੇ ਹੋਏ, ਪਾਪ ਕਰਮ ਕਮਾਵੰਦੇ ਰਹੇ। ਭਰਿ ਜੋਬਨ ਜੁਆਨੀ ਦੀਆਂ ਲਹਿਰਾਂ ਕੁਲਹਿਰਾਂ ਨੇ ਉਸ ਦੀ ਸੁਰਤੀ ਪ੍ਰਮਾਰਥ ਅਤੇ ਪ੍ਰਮਾਰਥੀ ਗੁਰ ਬਚਨਾਂ ਵਲ ਆਉਣ ਹੀ ਨਹੀਂ ਦਿਤੀ।...

ਜੋ ਹੰਕਾਰੀ ਪੁਰਸ਼ ਕਿਸੇ ਨੂੰ ਨਹੀਂ ਬਿਦਦਾ, ਉਹਨੂੰ ਅਗੇ ਜਾ ਕੇ ਧਰਮਰਾਇ ਦੇ ਹੱਥੋਂ ਖੁਆਰੀ ਵਿਚ ਪੈਣਾ ਪੈਂਦਾ ਹੈ। ਯਥਾ ਗੁਰਵਾਕ–

ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮਰਾਇ ਤਿਸੁ ਕਰੇ ਖੁਆਰੀ ॥੨॥੧੨॥ (ਪੰਨਾ ੨੭੮)

ਕੀ ਇਹ ਸੁਖਮਨੀ ਸਾਹਿਬ ਦਾ ਵਾਕ ਐਵੇਂ ਹੀ ਉਚਾਰਨ ਹੋਇਆ ਹੈ? ਇਸ ਦੀ ਸੱਚਾਈ ਦੀ ਰੌਸ਼ਨੀ ਅੰਦਰ ਧਰਮਰਾਇ ਦੀ ਹੋਂਦ ਸਪੱਸ਼ਟ ਹੈ। ਕਉਣ ਮੁਨਕਰ ਹੋ ਸਕਦਾ ਹੈ? ਹੰਕਾਰੀਆਂ ਨੂੰ ਖੁਆਰੀ ਧਰਮਰਾਇ ਦੇ ਦਰਬਾਰ ਵਿਚ ਜਾ ਕੇ ਭੁਗਤਣੀ ਹੀ ਪਏਗੀ। ਫੇਰ ਇਹੋ ਅਸਟਪਦੀ ਸੁਖਮਨੀ ਸਾਹਿਬ ਦੀ ਦੱਸਦੀ ਹੈ–

ਜਬ ਲਗੁ ਮੋਹ ਮਗਨ ਸੰਗਿ ਮਾਇ ॥ ਤਬ ਲਗੁ ਧਰਮਰਾਇ ਦੇਇ ਸਜਾਇ॥੪॥੧੨॥ (ਪੰਨਾ ੨੭੮)

ਸਾਫ਼ ਜ਼ਾਹਰ ਹੈ ਕਿ ਮਾਇਆ ਦੇ ਮੋਹ ਵਿਚ ਮੱਤਿਆਂ ਮਗਨੱਤਿਆਂ ਨੂੰ ਅਗੇ ਚੱਲ ਕੇ ਧਰਮਰਾਇ ਦੀ ਸਜ਼ਾਇ ਜ਼ਰੂਰ ਭੁਗਤਣੀ ਪਏਗੀ। ਧਰਮਰਾਇ ਬਣਾਇਆ ਹੀ ਏਸ ਖ਼ਾਤਰ ਹੈ : ਸੱਚਾ ਨਿਆਉਂ ਵਿਚਾਰਨ ਨੂੰ, ਪਾਪੀਆਂ ਨੂੰ ਸਜ਼ਾਵਾਂ ਦੇਣ ਨੂੰ, ਅਤੇ ਧਰਮੀਆਂ ਨੂੰ ਬਰੀ ਕਰਨ ਨੂੰ। ਧਰਮੀਆਂ ਕਰਮੀਆਂ ਦੇ ਨਿਆਉਂ ਨਿਬੇੜੇ ਜ਼ਰੂਰ ਹੁੰਦੇ ਹਨ। ਨਾਮ ਜਪਣਹਾਰਿਆਂ ਦੇ ਹਿਸਾਬ-ਲੇਖੇ ਏਥੇ ਹੀ ਮੁੱਕ ਜਾਂਦੇ ਹਨ। ਤਿਨ੍ਹਾਂ ਦੇ ਨੇੜੇ ਧਰਮਰਾਇ ਨਹੀਂ ਆਉਂਦਾ। ਨਾ ਹੀ ਲੇਖਾ ਮੰਗਦਾ ਹੈ। ਨਾ ਹੀ ਚਿਤਰ ਗੁਪਤ ਲੇਖਾ ਮੰਗਦੇ ਹਨ। ਯਥਾ ਗੁਰਵਾਕ–

ਜਹ ਲਾਲਚ ਜਾਗਾਤੀ ਘਾਟ ॥ ਦੂਰਿ ਰਹੀ ਉਹ ਜਨ ਤੇ ਬਾਟ ॥੨॥
ਜਹ ਆਵਟੇ ਬਹੁਤ ਘਨ ਸਾਥ ॥ ਪਾਰਬ੍ਰਹਮ ਕੇ ਸੰਗੀ ਸਾਧ ॥੩॥
ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥੪॥੯੧॥(ਪੰਨਾ ੩੯੩)

ਭਾਵ–ਅਗੇ ਜਾ ਕੇ ਜਿਥੇ ਲੋਭ ਦਾ ਮਸੂਲੀ ਪੱਤਣ ਹੈ, ਉਹ ਰਸਤਾ ਭਗਤਾਂ ਤੋਂ ਦੂਰ ਲਾਂਭੇ ਹੀ ਰਹਿ ਜਾਂਦਾ ਹੈ। ਜਿਥੇ ਬਹੁਤ ਸਾਰੇ ਕਾਫ਼ਲੇ ਪੀੜੇ ਤਪਾਏ ਜਾਂਦੇ ਹਨ, ਓਥੇ ਸਾਧ ਲੋਕਾਂ ਨੂੰ ਕੋਈ ਤੌਖਲਾ ਨਹੀਂ ਹੁੰਦਾ, ਕਿਉਂਕਿ ਉਹ ਤਾਂ ਪਾਰਬ੍ਰਹਮ ਦੇ ਦੇਸ ਦੇ ਵਾਸੀ ਹੁੰਦੇ ਹਨ। ਵਾਹਿਗੁਰੂ ਉਹਨਾਂ ਦੇ ਅੰਗ ਸੰਗ ਹੁੰਦਾ ਹੈ, ਉਹ ਵਾਹਿਗੁਰੂ ਦੇ ਅੰਗ ਸੰਗ ਰਹਿੰਦੇ ਹਨ। ਹੋਰਨਾਂ ਸਾਰਿਆਂ ਭਗਤਿ-ਹੀਣਿਆਂ ਦੇ ਲੇਖੇ ਚਿਤਰ ਗੁਪਤ ਲਿਖਦੇ ਹਨ। ਪਰ ਭਗਤ ਜਨਾਂ ਵਲ ਇਹ ਚਿਤਰ ਗੁਪਤ ਅੱਖ ਭਰ ਕੇ ਭੀ ਨਹੀਂ ਝਾਕ ਸਕਦੇ।

ਇਸ ਗੁਰਵਾਕ ਤੋਂ ਸਿਧ ਹੋਇਆ ਕਿ ਪਰਲੋਕ ਦੀ ਅਣਡਿਠੀ ਰਚਨਾ ਵਿਖੇ ਜਮ ਜਾਗਾਤੀਆਂ ਦੇ ਪੱਤਣ ਘਾਟ ਭੀ ਬਣੇ ਹੋਏ ਹਨ। ਚਿਤਰ ਗੁਪਤ (ਧਰਮਰਾਇ ਦੇ ਮੁਨਸ਼ੀਆਂ, ਦੇ ਮਹਿਕਮੇ ਅਲੱਗ ਹਨ। ਦਫ਼ਤਰਾਂ ਦੇ ਦਫ਼ਤਰ ਉਥੇ ਖੁਲ੍ਹੇ ਹੋਏ ਹਨ। ਇਥੇ ਪਾਪੀ ਪੁਰਸ਼ਾਂ ਦੇ ਟੋਲਿਆਂ ਦੀਆਂ ਕਤਾਰਾਂ ਪੁਰਸਲਾਤ ਤੋਂ ਲੰਘਦੀਆਂ ਹਨ,


www.AKJ.Org

ਖੰਨਿਓਂ ਤਿਖੇ ਵਾਲਹੁ ਨਿਕੇ ਥਾਉਂ ਅੱਡਰੇ ਬਣੇ ਹੋਏ ਹਨ। ਅਜਿਹੇ ਥਾਉਂ ਮੌਤ ਦੇ ਘਾਟ ਲੰਘ ਕੇ ਮੁੜ ਕੇ ਦੇਖ ਕੇ ਕਈ ਪ੍ਰਾਣੀ ਆਏ ਹਨ। ਇਕ ਨਹੀਂ, ਅਨੇਕਾਂ ਦੀਆਂ ਮਿਸਾਲਾਂ ਮਉਜੂਦ ਹਨ।

ਪਹਿਲੀ ਪਲੇਗ ਜਦੋਂ ਪੰਜਾਬ ਆਈ ਹੈ, ਉਦੋਂ ਪਲੇਗ ਡੀਊਟੀ ਤੇ ਮੈਂ ਨਾਇਬ ਤਹਿਸੀਲਦਾਰ ਲਗਾ ਹੋਇਆ ਸੀ। ਅਜਿਹੇ ਕਈ ਕੇਸ ਉਦੋਂ ਦੇਖੇ ਕਿ ਉਹ ਮਰ ਕੇ ਫੇਰ ਜੀਉਂਦੇ ਹੋ ਗਏ ਅਤੇ ਉਹਨਾਂ ਦੇ ਮੁੜ ਜੀਉ ਉਠਣ ਸਾਰ ਉਹਨਾਂ ਦੇ ਨਾਮਾਂ ਦੇ ਹੋਰ ਆਦਮੀ ਉਸੇ ਘੜੀ ਹੀ ਮਰ ਗਏ। ਉਹਨਾਂ ਤੋਂ ਜ਼ਬਾਨੀ ਇਹ ਗੱਲਾਂ ਸੁਣੀਆਂ। ਜਿਥੇ ਜਿਥੇ ਉਹਨਾਂ ਨੂੰ ਅਗਲੀ ਅਣਡਿਠੀ ਦੁਨੀਆ ਵਿਚ ਫੜਨਹਾਰੇ ਫੜ ਕੇ ਲੈ ਜਾਂਦੇ ਰਹੇ ਅਤੇ ਮੁੜ ਕੇ ਫੇਰ ਵਾਪਸ ਲਿਆਉਂਦੇ ਰਹੇ, ਉਹਨਾਂ ਨੇ ਧਰਮਰਾਇ ਅਤੇ ਧਰਮਰਾਇ ਦੇ ਦਫਤਰ ਤੇ ਦਫਤਰੀ ਚਿਤਰ ਗੁਪਤ ਭੀ ਦੇਖੇ। ਲੇਖੇ ਦੀਆਂ ਵਹੀਆਂ ਭੀ ਦੇਖੀਆਂ। ਕੰਬਦਿਆਂ ਕੰਬਦਿਆਂ ਨੇ ਸਾਰੇ ਭਿਅੰਕਰ ਦ੍ਰਿਸ਼ ਦਸੇ, ਜੋ ਉਹਨਾਂ ਨੇ ਦੇਖੇ। ਕਈ ਸੰਤ ਜਨਾਂ ਗੁਰਮੁਖ ਫ਼ਕੀਰ ਲੋਕਾਂ ਨੇ ਭੀ ਇਹ ਭਿਆਨਕ ਦ੍ਰਿਸ਼ ਦੇਖੇ ਇਸ ਲੋਕ ਵਿਚ ਬੈਠਿਆਂ ਨੇ। ਜੀਉਂਦੇ ਜਾਗਦਿਆਂ ਨੇ ਹੀ ਇਹ ਝਾਕੀਆਂ ਅਣਡਿਠੀ ਦੁਨੀਆ ਦੀਆਂ ਦੇਖੀਆਂ। ਜੋ ਐਨ ਉਪਰ ਦਸੇ ਗੁਰਵਾਕਾਂ ਦੇ ਭਾਵ ਨਾਲ ਢੁਕਦੀਆਂ ਹਨ।

੧੯੦੩ ਵਿਚ ਸਾਡੇ ਸਾਹਮਣੇ ਹੀ ਸਾਡੇ ਪਿੰਡ ਦੀ ਇਕ ਜੀਊਣੀ ਨਾਮੇ ਜ਼ਿਮੀਦਾਰਨੀ ਪਲੇਗ ਨਾਲ ਮਰ ਗਈ। ਉਸ ਨੂੰ ਮਰੀ ਹੋਈ ਨੂੰ ਸਿੜ੍ਹੀ ਤੇ ਪਾ ਕੇ ਮੜ੍ਹੀਆਂ (ਮਸਾਣ ਭੂਮੀ) ਵਿਚ ਲੈ ਗਏ, ਜਿਥੇ ਜਾ ਕੇ ਉਹ ਫੂਕੇ ਜਾਣ ਤੋਂ ਪਹਿਲਾਂ ਹੀ ਅਚਾਨਕ ਜੀਉਂਦੀ ਹੋ ਗਈ ਅਤੇ ਉਠ ਬੈਠੀ। ਉਠਦੀ ਨੇ ਹੀ ਦਸਿਆ ਕਿ ਮੇਰੇ ਥਾਉਂ ਜੀਊਣੀ ਸੈਂਸਣ ਨੂੰ ਲਾ ਜਾਣਾ ਸੀ। ਮੈਨੂੰ ਗ਼ਲਤੀ ਨਾਲ ਲੈ ਗਏ ਸਨ। ਲੈ ਜਾਣ ਵਾਲੇ ਜਮਦੂਤ ਜਿਵੇਂ ਉਸ ਨੇ ਦੇਖੇ ਤਿਵੇਂ ਦਸੇ। ਧਰਮਰਾਇ ਅਤੇ ਚਿਤਰਗੁਪਤ ਦਾ ਭਿਆਨਕ ਨਜ਼ਾਰਾ ਉਸ ਨੇ ਆਪਣੀ ਜ਼ਬਾਨੀ ਦਸਿਆ। ਐਨ ਉਸੇ ਛਿਨ ਵਿਖੇ ਜਦੋਂ ਉਹ ਜੀਉਂਦੀ ਹੋਈ, ਓਦੋਂ ਹੀ ਜੀਊਣੀ ਸੈਂਸਣ ਮਰ ਗਈ। ਇਹੋ ਜਿਹੀਆਂ ਹੋਰ ਕਈ ਉਦਾਹਰਣਾਂ ਹਨ। ਇਕੜ ਦੁਕੜ ਨਹੀਂ, ਦਹਿ ਦਹੱਕੜ ਹਨ।...

ਨਾਮ ਬਿਨਾਂ, ਨਾਮ ਦੀ ਕ੍ਰਿਸ਼ਮ-ਕਲਾ ਵਰਤੇ ਬਿਨਾਂ ਸਾਰਾ ਸੰਸਾਰ ਹੀ ਦੁਬਿਧਾ-ਗ੍ਰਸਤ ਰੋਗੀ ਹੈ, ਦੁਬਿਧਾ-ਬਾਧਾ ਹੀ ਆਉਂਦਾ ਜਾਂਦਾ ਹੈ। ਉਸ ਨਰ ਦੀ ਦੁਬਿਧਾ ਤਾਂ ਕਦੇ ਮਿਟਦੀ ਹੀ ਨਹੀਂ, ਜਿਸ ਨੂੰ ਸਤਿਗੁਰਾਂ ਦੇ ਵਾਕਾਂ ਉਤੇ ਪ੍ਰਤੀਤ ਨਹੀਂ ਆਉਂਦੀ। ਉਸ ਨੂੰ ਹੋਰ ਥਾਉਂ ਕਿਹੜਾ ਮਿਲਸੀ, ਦੁਬਿਧਾ ਮਿਟਾਉਣ ਦਾ। ਬੱਸ ਧਰਮਰਾਇ ਦੇ ਵਸ ਹੀ ਪੈਣਗੇ। ਧਰਮਰਾਇ ਦੇ ਦੇਸ (Region) ਸਮਸਰ ਹੀ ਪਰਲੋਕ ਵਿਖੇ ਬ੍ਰਹਮ ਲੋਕ, ਰੁਦ੍ਰ ਲੋਕ ਆਦਿਕ ਤਬਕੇ ਭੀ ਹਨ। ਯਥਾ ਗੁਰਵਾਕ—

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ॥
ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ॥੧॥
ਅਬ ਮੋਹਿ ਆਇ ਪਰਿਓ ਸਰਨਾਇ॥
ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋਕਉ ਸਤਿਗੁਰਿ ਦੀਓ ਹੈ ਬਤਾਇ॥੧॥ਰਹਾਉ॥
ਸਿਧ ਸਾਧਿਕ ਅਰ ਜਖ ਕਿੰਨਰ ਨਰ ਰਹੀ ਕੰਠਿ ਉਰਝਾਇ॥
ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ ਦਾਸਾਇ॥੨॥੩੧॥ (ਪੰਨਾ ੫੦੦)

ਇਸ ਗੁਰਵਾਕ ਤੋਂ ਇਹ ਸਿੱਧ ਹੁੰਦਾ ਹੈ ਕਿ ਬ੍ਰਹਮਾ, ਮਹਾਦੇਉ, ਇੰਦਰ ਆਦਿਕ ਦੇਵਤਿਆਂ ਦੇ ਮੰਡਲ ਅਣਦਿਸਦੀ ਰਚਨਾ ਵਿਚ ਵੱਖੋ-ਵੱਖ ਬਣੇ ਹੋਏ ਹਨ। ਇਹ ਮਾਇਆ ਏਹਨਾਂ ਬ੍ਰਹਮਾ, ਰੁਦ੍ਰ (ਸ਼ਿਵਜੀ), ਇੰਦਰ ਆਦਿਕ ਦੇਵਤਿਆਂ ਦੇ ਮੰਡਲਾਂ ਤੇ ਤਾਂ ਹਾਵੀ ਹੋ ਜਾਂਦੀ ਹੈ, ਏਹਨਾਂ ਮੰਡਲਾਂ ਨੂੰ ਸਰ ਕਰ ਕੇ ਜਦੋਂ ਏਧਰ ਧਾਈ ਕਰਿ ਆਈ ਤਾਂ ਸਾਧ-ਸੰਗਤਿ ਵਲ ਮਾੜੀ ਨਿਗਾਹ ਨਾਲ ਤੱਕ ਭੀ ਨਾ ਸਕੀ, ਸਗੋਂ ਸਾਧ ਸੰਗਤਿ ਦੇ ਚਰਨ ਮਲ ਮਲ ਧੋਂਦੀ ਹੈ, ਵਾਹਿਗੁਰੂ ਅਤੇ ਗੁਰ-ਸਰਨਾਈ ਆਇਆਂ ਨੂੰ ਜੋਹਿ ਨਹੀਂ ਸਕਦੀ। ਇਸ ਦੇ ਮੁੱਠੇ-ਗਰੁੱਠੇ ਹੋਇਆਂ ਨੂੰ ਹੀ ਅਗੇ ਜਾ ਕੇ ਧਰਮਰਾਇ ਅਤੇ ਉਸ ਦੇ ਦੂਤਾਂ ਦਾ ਜ਼ੋਰ-ਧਿਙਾਣਾ ਹੁੰਦਾ ਹੈ। ਇਹ ਮਾਇਆ-ਮਈ

 [ਬਾਕੀ ਦੇਖੋ ਸਫ਼ਾ ੨੬ ਤੇ] 

www.AKJ.org

ਸ਼ਹੀਦੀ ਸਾਕੇ 'ਤੇ ਵਿਸ਼ੇਸ਼ 21.2.94 ਨੂੰ–

# ਜੰਡਾਂ ਨਾਲ ਬੰਨ੍ਹ ਕੇ ਸਾੜਿਆ ਗਿਆ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, ੧੬੨, ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ]

"ਸ਼ਹਾਦਤ" ਅਤਿਆਚਾਰ ਵਿਰੁੱਧ ਸਤਿਆਚਾਰ ਦਾ ਨਾਂ ਹੈ। ਇਸ ਸਤਿਆਚਾਰ ਵਿਚ ਨਿਰਭੈਤਾ ਵੀ ਹੈ ਤੇ ਨਿਰਵੈਰਤਾ ਵੀ। ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਦਾ ਸਰੂਪ ਵੀ ਨਿਰਭਉ ਤੇ ਨਿਰਵੈਰ ਵਾਲਾ ਦੱਸਿਆ ਹੈ। ਭਾਵ ਇਹ ਹੈ ਕਿ ਸ਼ਹਾਦਤ ਦਾ ਚਾਹਵਾਨ ਵਿਅਕਤੀ ਅਕਾਲ ਪੁਰਖ ਨੂੰ ਸਾਮਰਤੱਖ ਜਾਣ ਕੇ, ਨਿਰਭਉ ਤੇ ਨਿਰਵੈਰ ਹੋ ਸਕੇ। ਜਦੋਂ ਵਿਅਕਤੀ ਆਪਣੇ ਆਪ ਨੂੰ ਅਕਾਲ ਪੁਰਖ ਦੀ ਅੰਸ਼ ਮੰਨ ਲੈਂਦਾ ਹੈ ਤਾਂ ਉਸ ਵਿਚ ਅਥਾਹ ਸ਼ਕਤੀ ਦਾ ਨਿਰਮਾਣ ਹੋ ਜਾਂਦਾ ਹੈ ਤੇ ਉਹ ਨਿਰਭੈ ਹੋ ਜਾਂਦਾ ਹੈ। ਨਿਰਭੈਤਾ ਦੇ ਨਾਲ ਜਦੋਂ ਨਿਰਵੈਰਤਾ ਵੀ ਸ਼ਾਮਲ ਹੋ ਜਾਵੇ ਤਾਂ ਸ਼ਹੀਦੀ ਪ੍ਰਾਪਤ ਕਰਨ ਵਾਲਾ ਕਿਸੇ ਨੂੰ ਵੀ ਵੈਰੀ ਨਹੀਂ ਸਮਝਦਾ, ਤੇ ਨਾ ਹੀ ਮੌਤ ਤੋਂ ਡਰਦਾ ਹੈ, ਸਗੋਂ ਹੱਸ ਹੱਸ ਸਿਰ ਤਲੀ ਤੇ ਰੱਖ ਕੇ ਮਹਿਬੂਬ ਦੀ ਗਲੀ ਵਿਚ ਜਾਣ ਲਈ ਤਿਆਰ ਹੁੰਦਾ ਹੈ। ਫੇਰ ਉਸਨੂੰ ਸਿਰ ਦੇਣ ਲਗਿਆਂ ਕਾਣ ਨਹੀਂ ਰਹਿੰਦੀ ਤੇ ਸਿਰ 'ਤੇ ਰਖਿਆ ਆਰਾ ਪਿਆਰਾ ਲੱਗਦਾ ਹੈ। ਸਰੀਰ ਦੋ ਭਾਗਾਂ ਵਿਚ ਚੀਰੇ ਜਾਣ ਤੇ ਮੂੰਹ 'ਚੋਂ 'ਸੀਂ ਨਹੀਂ ਨਿਕਲਦੀ, ਸਗੋਂ "ਵਾਹ–ਗੁਰੂ" ਨਿਕਲਦਾ ਹੈ।

ਭਾਰਤੀ-ਇਤਿਹਾਸ ਵਿਚ ਇਕਾ-ਦੁੱਕਾ ਗਾਥਾਵਾਂ ਨੂੰ ਛੱਡ ਕੇ ਪਹਿਲੀ ਵਾਰ ਸਿੱਖ-ਲਹਿਰ ਨੇ ਹੀ ਸ਼ਹੀਦੀ-ਪਰੰਪਰਾ ਤੋਰੀ। ਸਿੱਖ-ਲਹਿਰ ਨੇ ਮੱਧ-ਕਾਲੀਨ ਵੰਗਾਰ ਦਾ ਟਾਕਰਾ ਕਰਨ ਲਈ "ਸੰਪੂਰਨ-ਕ੍ਰਾਂਤੀ" ਦਾ ਰਾਹ ਚੁਣਿਆ। ਰਾਜਪੂਤਾਂ ਤੋਂ ਮਰਹੱਟਿਆਂ ਦਾ ਮਨੋਰਥ ਕੇਵਲ ਖੇਤਰੀ-ਰਾਜਨੀਤਕ ਸੱਤਾ ਪ੍ਰਾਪਤ ਕਰਨਾ ਹੀ ਸੀ। ਪਰ ਸਿੱਖ-ਲਹਿਰ ਵਿਚ ਰਾਜ ਤੇ ਧਰਮ ਦੇ ਵਿਆਪਕ ਬੀਜ ਮੌਜੂਦ ਸਨ। ਸਿੱਖ-ਲਹਿਰ ਭਾਰਤੀ-ਪਰੰਪਰਾ ਦੀ ਉਦਾਸੀਨ-ਰੁਚੀ ਦਾ ਖੰਡਨ ਕਰਦੀ ਹੈ ਤੇ ਸਮੇਂ ਦੀ ਵੰਗਾਰ ਦਾ ਆਸ਼ਾਵਾਦੀ ਢੰਗ ਨਾਲ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਸਿੱਖ ਵਿਚਾਰਧਾਰਾ ਅਨੁਸਾਰ ਹਰ ਵਿਅਕਤੀ ਦਾ ਫ਼ਰਜ਼ ਬਣਦਾ ਹੈ ਕਿ ਉਹ ਮਜ਼ਬੀ ਨਿਸਚੇ ਅਨੁਸਾਰ ਆਪਣੇ ਧਰਮ-ਸਥਾਨਾਂ ਦੀ ਰਾਖੀ ਤੇ ਸੇਵਾਂ ਕਰੇ ਤੇ ਆਪਣੀ ਮੁੱਢਲੀ-ਆਜ਼ਾਦੀ ਨੂੰ ਕਿਸੇ ਵੀ ਹਾਲਤ ਵਿਚ ਕਿਸੇ ਸ਼ਕਤੀ ਜਾਂ ਵਿਅਕਤੀ ਵਲੋਂ ਜ਼ੋਰ, ਲਾਲਚ ਜਾਂ ਕਿਸੇ ਹੋਰ ਢੰਗ ਨਾਲ ਖੋਹਣ ਦੀ ਕੋਈ ਆਗਿਆ ਨਾ ਦੇਵੇ।

ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਨਾਮ-ਲੇਵਾ ਸਿੱਖਾ ਦੀਆਂ ਸ਼ਹਾਦਤਾਂ ਇਸੇ ਮੁੱਢਲੀ ਆਜ਼ਾਦੀ ਨੂੰ ਸੁਰੱਖਿਅਤ ਰੱਖਣ ਲਈ ਚੁੱਕੇ ਗਏ ਇਨਕਲਾਬੀ ਕਦਮਾਂ ਦਾ ਹੀ ਹਿੱਸਾ ਸੀ। ਇਹੋ ਹੀ ਕਾਰਨ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ, ਤਿਲਕ-ਜੰਞੂ ਵਿਚ ਵਿਸ਼ਵਾਸ ਨਾ ਰੱਖਦੇ ਹੋਏ ਵੀ, ਕਸ਼ਮੀਰ ਦੇ ਬ੍ਰਾਹਮਣਾਂ ਦੀ ਉਨ੍ਹਾਂ ਦੇ ਅਕੀਦੇ ਅਨੁਸਾਰ, ਇਨ੍ਹਾਂ ਚਿੰਨ੍ਹਾਂ ਦੇ ਪ੍ਰਯੋਗ ਕਰਨ ਦੇ ਮੁੱਢਲੇ ਹੱਕ ਤੋਂ ਵੰਚਿਤ ਕਰਨ ਦੇ ਸੰਦਰਭ ਵਿਚ ਆਪ ਸ੍ਵੈ-ਇਛਿਆ ਨਾਲ ਸ਼ਹੀਦ ਹੋਣ ਗਏ। ਇਸ ਤੋਂ ਪਹਿਲਾਂ ਤਾਨਾ-ਸ਼ਾਹੀ ਸਾਮਰਾਜ ਵਲੋਂ ਮਨਵਾਈਆਂ ਜਾਣ ਵਾਲੀਆਂ ਸ਼ਰਤਾਂ ਦੇ ਵਿਰੁੱਧ ਖੜੇ ਹੋ ਜਾਣ ਕਰਕੇ, ਗੁਰੂ ਅਰਜਨ ਸਾਹਿਬ ਨੇ ਸ਼ਹੀਦੀ ਦੇ ਕੇ ਜਿਥੇ ਸ਼ਹਾਦਤ ਦਾ ਰਾਹ ਖੋਲ੍ਹ ਦਿੱਤਾ ਸੀ, ਉਥੇ ਆਪਣੇ ਸਿੱਖਾਂ ਤੇ ਦੇਸ਼-ਵਾਸੀਆਂ ਨੂੰ ਪ੍ਰੇਰਨਾ ਵੀ ਪ੍ਰਦਾਨ ਕਰ ਦਿੱਤੀ ਹੋਈ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਿਸ਼ਨ ਨੂੰ ਪ੍ਰਗਟਾਉਂਦੇ ਹੋਏ ਬੜੇ ਸਪੱਸ਼ਟ ਸ਼ਬਦਾਂ ਵਿਚ ਜਿਥੇ ਕਿਹਾ ਹੈ "ਧਰਮ ਚਲਾਵਨ ਸੰਤ ਉਬਾਰਨ", ਉਥੇ ਇਹ ਵੀ ਦੱਸਿਆ ਹੈ ਕਿ ਇਸ ਕਾਰਜ ਦੀ ਸੰਪੂਰਨਤਾ ਲਈ ਲੋੜ ਪੈਣ ਤੇ "ਦੁਸ਼ਟ ਦੋਖੀਅਨ ਪਕਰਿ ਪਛਾਰਨ" ਦੀ ਨੀਤੀ ਵੀ ਅਪਣਾਈ ਜਾਏਗੀ। ਇਸੇ ਲਈ ਸਿੱਖ "ਧਰਮ ਯੁੱਧ" ਵਿਚ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਹਨ। ਦੇਸ਼ ਦੀ ਰਾਖੀ ਲਈ ਵੀ ਉਨ੍ਹਾਂ ਮਹੱਤਵ-ਪੂਰਨ ਯੋਗਦਾਨ ਪਾਇਆ।

ਇਤਿਹਾਸਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ-ਖੇਤਰ ਵਿਚ ਆਉਣ ਤੋਂ ਪਹਿਲਾਂ ਹੋਰਨਾਂ ਇਤਿਹਾਸਕ ਗੁਰਦੁਆਰਿਆਂ ਵਾਂਗ ਨਨਕਾਣਾ ਸਾਹਿਬ ਉਤੇ ਵੀ



www.AKJ.Org

ਵੇਲੀ ਤੇ ਸ਼ਰਾਬੀ ਮਹੰਤਾਂ ਦਾ ਕਬਜ਼ਾ ਸੀ। ਮਹੰਤ ਲੱਖਾਂ ਰੁਪਿਆਂ ਦੇ ਤੋਹਫ਼ੇ ਅੰਗਰੇਜ਼-ਅਫ਼ਸਰਾਂ ਨੂੰ ਦੇ ਕੇ ਖ਼ੁਸ਼ ਰੱਖਦੇ ਤੇ ਧਰਮ-ਸਥਾਨਾਂ ਉਤੇ ਕਬਜ਼ਾ ਕਾਇਮ ਰੱਖਣ ਲਈ ਗੁੰਡੇ ਤੇ ਬਦਮਾਸ਼ ਪਾਲ ਕੇ ਆਪਣੇ ਪਾਸ ਰੱਖਦੇ ਸਨ। ਉਹ ਕਿਹੜਾ ਭੈੜ ਸੀ, ਜੋ ਮਹੰਤ ਨਹੀਂ ਸਨ ਕਰਦੇ ਜਾਂ ਉਨ੍ਹਾਂ ਦੀ ਸ਼ਹਿ 'ਤੇ ਨਹੀਂ ਸੀ ਹੁੰਦਾ ?

੧੯੧੭ ਵਿਚ ਮਹੰਤ ਨਰੈਣ ਦਾਸ ਨੇ ਗੁਰਦੁਆਰਾ ਜਨਮ-ਅਸਥਾਨ ਨਨਕਾਣਾ ਸਾਹਿਬ ਦੀ ਹੱਦ ਅੰਦਰ ਵੇਸ਼ਵਾਵਾਂ ਦੇ ਨਾਚ ਕਰਾਏ ਤੇ ਅਸ਼ਲੀਲ ਗੀਤ ਸੁਣੇ ਅਤੇ ਸ਼ਰਾਬ ਦੇ ਦੌਰ ਚਲਾਏ। ਕਈ ਇਸਤ੍ਰੀਆਂ ਨਾਲ ਉਸ ਸਮੇਂ ਦੁਰ-ਵਿਵਹਾਰ ਕੀਤਾ ਜਾਂਦਾ, ਜਦੋਂ ਉਹ ਦਰਸ਼ਨ ਕਰਨ ਆਉਂਦੀਆਂ। ਐਸੀਆਂ ਘਟੀਆ ਤੇ ਸ਼ਰਮਨਾਕ ਘਟਨਾਵਾਂ ਨੇ ਆਮ ਸਿੱਖਾਂ ਤੇ ਖਾਸ ਕਰਕੇ ਨਨਕਾਣਾ ਸਾਹਿਬ ਦੇ ਨੇੜੇ ਇਲਾਕਿਆਂ ਵਿਚ ਵੱਸਦੇ ਸਿੱਖਾਂ ਉਤੇ ਬਹੁਤ ਬੁਰਾ ਅਸਰ ਪਾਇਆ। ਭਾਈ ਕਰਤਾਰ ਸਿੰਘ ਝੱਬਰ, ਭਾਈ ਲਛਮਣ ਸਿੰਘ ਧਾਰੋਵਾਲੀ ਆਦਿ ਸਿਆਣੇ ਸਿੱਖ ਦੁਖੀ ਹੋ ਕੇ, ਹੋਰ ਸਿਰਕੱਢ ਸਿੱਖ ਆਗੂਆਂ ਨਾਲ ਇਸ ਸੰਬੰਧੀ ਵਿਚਾਰ-ਵਟਾਂਦਰਾ ਕਰਨ ਆਏ ਤੇ ਉਨ੍ਹਾਂ ਆਗੂਆਂ ਨੂੰ ਦਸਿਆ ਕਿ ਸਾਡੀ ਇਤਲਾਹ ਅਨੁਸਾਰ ਮਹੰਤ ਐਸੀਆਂ ਵਿਉਂਤਾਂ ਬਣਾ ਰਿਹਾ ਹੈ ਕਿ ਮਾਰਚ ੧੯੨੧ ਵਿਚ ਆਪਣੇ ਪਾਲਤੂ ਬਦਮਾਸ਼ਾਂ ਪਾਸੋਂ ਸਿਰਕੱਢ ਸਿਖ ਆਗੂਆਂ ਨੂੰ ਕਤਲ ਕਰਵਾ ਦੇਵੇਗਾ। ਇਸ ਲਈ ਉਸਦੇ ਵਾਰ ਕਰਨ ਤੋਂ ਪਹਿਲਾਂ ਕੋਈ ਪ੍ਰਬੰਧ ਕਰ ਲੈਣਾ ਚਾਹੀਦਾ ਹੈ। ਉਹਨਾਂ ਦਸਿਆ ਕਿ ਇਹ ਵੀ ਪਤਾ ਲੱਗਾ ਹੈ ਕਿ ਮਹੰਤ ਆਪਣਾ ਨਿਸਚਿੱਤ ਪ੍ਰੋਗਰਾਮ ਸਫਲ ਕਰਨ ਲਈ ੧੯-੨੦ ਫਰਵਰੀ ੧੯੨੧ ਨੂੰ ਲਾਹੌਰ ਜਾ ਰਿਹਾ ਹੈ, ਜਿਥੋਂ ਉਹ ਹੋਰ ਸਹਾਇਤਾ ਦਾ ਪ੍ਰਬੰਧ ਕਰੇਗਾ। ਉਸ ਨੇ ਇਸਮਾਈਲ ਭੱਟੀ ਵਰਗੇ ਗੁੰਡੇ ਨੂੰ ਆਪਣਾ ਮਿੱਤਰ ਬਣਾ ਰੱਖਿਆ ਹੈ। ਛਵ੍ਹੀਆਂ, ਕੁਹਾੜੀਆਂ ਤੇ ਟਕੂਏ ਆਦਿ ਹਥਿਆਰ ਤਿਆਰ ਕਰਾਉਣ ਲਈ ਗੁਰਦੁਆਰਾ ਜਨਮ-ਸਥਾਨ ਦੇ ਅੰਦਰ ਹੀ ਭੱਠੀਆਂ ਚਾਲੂ ਕਰ ਦਿੱਤੀਆਂ ਗਈਆਂ ਤੇ ਪਸਤੌਲ ਤੇ ਬੰਦੂਕਾਂ ਆਦਿ ਖਰੀਦ ਲਈਆਂ ਗਈਆਂ। ਸਾੜ-ਫੂਕ ਕਰਨ ਲਈ ਮਿੱਟੀ ਦੇ ਤੇਲ ਦੇ ਪੀਪੇ ਵੀ ਮਹੰਤ ਮੰਗਵਾ ਚੁਕਾ ਸੀ। ਇਹਨਾਂ ਸਾਰੀਆਂ ਤਿਆਰੀਆਂ ਤੋਂ ਸਪੱਸ਼ਟ ਸੀ ਕਿ ਮਹੰਤ ਕੋਈ ਕਾਰਾ ਕਰੇਗਾ। ਅਕਾਲੀ ਆਗੂ ਐਸੀਆਂ ਤਿਆਰੀਆਂ ਤੋਂ ਅਵੇਸਲੇ ਤਾਂ ਨਹੀਂ ਸਨ, ਪਰ ਉਹ ਗੁਰੂ ਨਾਨਕ ਸਾਹਿਬ ਦੇ ਜਨਮ-ਸਥਾਨ ਵਿਚ ਲਹੂ ਦੀ ਹੋਲੀ ਖੇਡ ਕੇ ਗੁਰੂ-ਸਥਾਨ ਦੀ ਬੇਅਦਬੀ ਨਹੀਂ ਸਨ ਕਰਨਾ ਚਾਹੁੰਦੇ।

ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ-ਪ੍ਰਬੰਧ ਦੀ ਵਿਗੜ ਰਹੀ ਹਾਲਤ ਉਤੇ ਵਿਚਾਰ ਕਰਨ ਲਈ ੪, ੫, ੬ ਮਾਰਚ ੧੯੨੧ ਨੂੰ ਨਨਕਾਣਾ ਸਾਹਿਬ ਵਿਖੇ ਸਿੱਖ-ਸੰਗਤਾਂ ਦਾ ਇਕ ਇਕੱਠ ਸੱਦ ਲਿਆ, ਜਿਸ ਵਿਚ ਮਹੰਤ ਨੂੰ ਬੁਲਾ ਕੇ, ਉਸ ਨੂੰ ਪ੍ਰਬੰਧ ਵਿਚ ਸੁਧਾਰ ਕਰਨ ਤੇ ਉਸਨੂੰ ਪੰਥ ਦੇ ਅਧੀਨ ਹੋ ਕੇ ਚਲਣ ਲਈ ਕਹਿਣ ਦਾ ਫ਼ੈਸਲਾ ਹੋ ਗਿਆ। ਸ਼੍ਰੋਮਣੀ ਕਮੇਟੀ ਵਲੋਂ ਦੀਵਾਨ ਦੀਆਂ ਤਾਰੀਖਾਂ ਨੀਯਤ ਹੋ ਜਾਣ 'ਤੇ ਮਹੰਤ ਟਾਕਰੇ ਲਈ ਹੋਰ ਵੱਧ ਤਿਆਰ ਹੋ ਗਿਆ। ਉਸ ਨੇ ੨੪ ਪਠਾਣ ਨੌਕਰ ਰੱਖ ਲਏ ਤੇ ਏਧਰੋਂ ਉਧਰੋਂ ਹੋਰ ਬਦਮਾਸ਼ ਵੀ ਇਕੱਠੇ ਕਰ ਕੇ ਸਿੰਘਾਂ ਦੇ ਕਤਲਾਮ ਦਾ ਮਨਸੂਬਾ ਤਿਆਰ ਕਰ ਲਿਆ। ਪਰ ਨਾਲ ਹੀ ਉਹ ਕਹੀ ਜਾ ਰਿਹਾ ਸੀ ਕਿ ਉਹ ਸ਼੍ਰੋਮਣੀ ਕਮੇਟੀ ਦੀਆਂ ਸਾਰੀਆਂ ਸ਼ਰਤਾਂ ਮੰਨ ਲਵੇਗਾ ਤੇ ਪੰਥ ਦੇ ਅਧੀਨ ਹੋ ਕੇ ਰਹੇਗਾ। ਉਹ ਬੜਾ ਖਚਰਾ ਸੀ।

ਨਨਕਾਣਾ ਸਾਹਿਬ ਦੇ ਆਲੇ-ਦੁਆਲੇ ਦੇ ਕੁਝ ਸਿਰਕੱਢ ਆਗੂਆਂ ਨੇ ੧੭ ਫ਼ਰਵਰੀ ੧੯੨੧ ਨੂੰ ਗੁਰਦੁਆਰਾ "ਖਰਾ ਸੌਦਾ" ਵਿਚ ਇਕ ਮੀਟਿੰਗ ਸੱਦੀ, ਜਿਸ ਵਿਚ ਭਾਈ ਕਰਤਾਰ ਸਿੰਘ ਝੱਬਰ, ਭਾਈ ਲਛਮਣ ਸਿੰਘ ਧਾਰੋਵਾਲ, ਭਾਈ ਬੂਟਾ ਸਿੰਘ ਆਦਿ ਸਿੱਖ ਇਕੱਠੇ ਹੋਏ, ਵਿਚਾਰ-ਵਟਾਂਦਰੇ ਪਿਛੋਂ ਫ਼ੈਸਲਾ ਲਿਆ ਗਿਆ ਕਿ ਭਾਈ ਬੂਟਾ ਸਿੰਘ ਜਥਾ ਲੈ ਕੇ ੧੯ ਫ਼ਰਵਰੀ ਸਵੇਰ ਨੂੰ ਨਨਕਾਣਾ ਸਾਹਿਬ ਪਹੁੰਚ ਜਾਣ। ਭਾਈ ਲਛਮਣ ਸਿੰਘ ਆਪਣੇ ਜਥੇ ਸਮੇਤ ਰਾਤ ਚੰਦਰ ਕੋਟ ਆ ਜਾਣ, ਜਿਥੇ ਭਾਈ ਕਰਤਾਰ ਸਿੰਘ ਝੱਬਰ ਆਪਣੇ ਜਥੇ ਸਮੇਤ ਉਹਨਾਂ ਨੂੰ ਮਿਲ ਪਵੇਗਾ ਤੇ ਸਾਰੇ ਰਲ ਕੇ ਨਨਕਾਣਾ ਸਾਹਿਬ ਵੱਲ ਚੱਲ ਪੈਣਗੇ। ਮਹੰਤ ਉਤੇ ਦਬਾਅ ਪਾ ਕੇ ਗੁਰਦੁਆਰੇ ਦੀ ਬੇਅਦਬੀ ਕਰਨ ਤੋਂ ਰੋਕਣਾ ਉਨ੍ਹਾਂ ਦਾ ਮਨੋਰਥ ਸੀ। ਜਦੋਂ ਇਸ ਫ਼ੈਸਲੇ ਦਾ ਪਤਾ ਮਾਸਟਰ ਤਾਰਾ ਸਿੰਘ, ਸ. ਤੇਜਾ ਸਿੰਘ ਸਮੁੰਦਰੀ ਆਦਿ ਆਗੂਆਂ ਨੂੰ ਲੱਗਾ ਤਾਂ ਉਹ ੧੯ ਫ਼ਰਵਰੀ ਸਵੇਰੇ


www.AKJ.Org

"ਅਕਾਲੀ" ਅਖ਼ਬਾਰ ਦੇ ਦਫਤਰ ਲਾਹੌਰ ਪੁੱਜ ਗਏ, ਜਿਥੇ ਸ: ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ, ਸ. ਜਸਵੰਤ ਸਿੰਘ ਝਬਾਲ ਤੇ ਭਾਈ ਦਲੀਪ ਸਿੰਘ ਸਾਂਗਲਾ ਵੀ ਆ ਗਏ। ਫ਼ੈਸਲਾ ਹੋਇਆ ਕਿ ਅਨੁਸ਼ਾਸਨ ਮੰਗ ਕਰਦਾ ਹੈ ਕਿ ਪਹਿਲਾਂ ਲਏ ਹੋਏ ਫ਼ੈਸਲੇ ਵਿਚ ਕੋਈ ਅਦਲਾ-ਬਦਲੀ ਨਾ ਕੀਤੀ ਜਾਵੇ। ਇਸ ਫੈਸਲੇ ਦੀ ਇਤਲਾਹ ਦੇਣ ਲਈ ਭਾਈ ਦਲੀਪ ਸਿੰਘ ਦੀ ਜ਼ਿੰਮੇਵਾਰੀ ਲਗਾਈ ਗਈ ਕਿ, ਉਹ ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਸਮੇਂ ਸਿਰ ਚੰਦਰਕੋਟ ਪਹੁੰਚ ਕੇ ਸੂਚਨਾ ਦੇ ਦੇਵੇ। ਦੋ ਹੋਰ ਸਿੰਘ ਭਾਈ ਕਰਤਾਰ ਸਿੰਘ ਝੱਬਰ ਵੱਲ ਵੀ ਭੇਜੇ ਗਏ। ਪਰ ੧੯ ਫ਼ਰਵਰੀ ਨੂੰ ਭਾਈ ਲਛਮਣ ਸਿੰਘ ਜਥੇ ਸਮੇਤ, ਮਿਥੇ ਪ੍ਰੋਗਰਾਮ ਅਨੁਸਾਰ ਨਨਕਾਣਾ ਸਾਹਿਬ ਨੂੰ ਚੱਲ ਚੁਕਾ ਸੀ। ਉਹ ਪਿੰਡ ਨਜ਼ਾਮਪੁਰ, ਦੇਵੀ ਸਿੰਘ ਵਾਲਾ, ਮੂਲਾ ਸਿੰਘ ਵਾਲਾ, ਚੇਲਿਆਂ ਵਾਲਾ, ਡੱਲਾ-ਚੰਦਾ ਸਿੰਘ ਵਾਲਾ ਤੇ ਕੋਟਲਾ ਕਾਹਲਵਾਂ, ਧਾਮੀਆਂ ਹੁੰਦਾ ਹੋਇਆ ਮੋਟੀਆਣੇ ਪੁੱਜਾ। ਧਨੂੰਆਣੇ ਤੋਂ ਜਥੇਦਾਰ ਸੁੰਦਰ ਸਿੰਘ ਹੁੰਦਲ ਆਪਣੇ ਨਾਲ ੧੩ ਸਿੰਘਾਂ ਦਾ ਜਥਾ ਲੈ ਕੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਮੋਟੀਆਣੇ ਆ ਮਿਲਿਆ। ਹਰ ਪਿੰਡ ਵਿਚੋਂ ਕੁਝ ਸਿੰਘ ਜਥੇ ਨਾਲ ਰਲਦੇ ਚਲੇ ਆ ਰਹੇ ਸਨ। ਜਥੇ ਦੀ ਗਿਣਤੀ ੧੫੦ ਹੋ ਗਈ ਸੀ। ਮੋਟੀਆਣੇ ਤੋਂ ਦੋ ਸਿੰਘ ਭਾਈ ਕਰਤਾਰ ਸਿੰਘ ਦੇ ਜਥੇ ਨੂੰ ਵੇਖਣ ਲਈ ਭੇਜੇ ਗਏ, ਪਰ ਜਥੇ ਦਾ ਮੇਲ ਨਾ ਹੋ ਸਕਿਆ। ਉਧਰ ਭਾਈ ਕਰਤਾਰ ਸਿੰਘ ਝੱਬਰ ਨੇ ਚੂਹੜਕਾਣੇ ਤੋਂ ਭਾਈ ਦਲੀਪ ਸਿੰਘ ਨੂੰ ਘੋੜੇ ਉਤੇ ਭੇਜਿਆ ਕਿ ਉਹ ਭਾਈ ਲਛਮਣ ਸਿੰਘ ਦੇ ਜਥੇ ਨੂੰ ਰੋਕ ਕੇ ਸ਼ਰੋਮਣੀ ਕਮੇਟੀ ਦਾ ਫੈਸਲਾ ਦਸੇ ਕਿ ਜਥਾ ਨਨਕਾਣਾ ਸਾਹਿਬ ਨਾ ਜਾਵੇ। ਪਰ ਭਾਈ ਦਲੀਪ ਸਿੰਘ ਦਾ ਮੇਲ ਵੀ ਭਾਈ ਲਛਮਣ ਸਿੰਘ ਦੇ ਜਥੇ ਨਾਲ ਨਾ ਹੋ ਸਕਿਆ। ਅਗਲੇ ਦਿਨ ਭਾਈ ਦਲੀਪ ਸਿੰਘ ਨੇ ਚਿੱਠੀ ਦੇ ਕੇ ਭਾਈ ਵਰਿਆਮ ਸਿੰਘ ਨੂੰ ਭੇਜਿਆ ਕਿ ਉਹ ਭਾਈ ਲਛਮਣ ਸਿੰਘ ਦੇ ਜਥੇ ਨੂੰ ਰੋਕ ਲਵੇ। ਪਰ ਭਾਈ ਦਲੀਪ ਸਿੰਘ ਨੂੰ ਜਥਾ ਸ੍ਰੀ ਨਨਕਾਣਾ ਸਾਹਿਬ ਦੇ ਬਹੁਤ ਨੇੜੇ ਆਉਂਦਾ ਮਿਲਿਆ। ਚਿੱਠੀ ਪੜ੍ਹਨ ਤੇ ਭਾਈ ਲਛਮਣ ਸਿੰਘ ਨੇ ਕਿਹਾ, "ਅਸੀਂ ਅਰਦਾਸਾ ਸੋਧ ਚੁਕੇ ਹਾਂ, ਹੁਣ ਅਸੀਂ ਕਿਸੇ ਕੀਮਤ 'ਤੇ ਵੀ ਨਹੀਂ ਰੁਕਾਂਗੇ, ਨਾ ਵਾਪਸ ਹੀ ਮੁੜਾਂਗੇ, ਅਸੀਂ ਹੁਣ ਜਨਮ-ਸਥਾਨ ਦੇ ਦਰਸ਼ਨ-ਦੀਦਾਰੇ ਕਰਾਂਗੇ ਜਾਂ ਸ਼ਹੀਦੀਆਂ ਪਾਵਾਂਗੇ। ਇਹ ਉੱਤਰ ਸੁਣ ਕੇ ਭਾਈ ਵਰਿਆਮ ਸਿੰਘ ਭਾਈ ਦਲੀਪ ਸਿੰਘ ਪਾਸ ਵਾਪਸ ਮੁੜ ਗਿਆ।

੨੧ ਫਰਵਰੀ ਸਵੇਰੇ ਪੰਜ ਕੁ ਵਜੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਸੁਨੇਹਾ ਮਿਲਿਆ ਕਿ ਨਨਕਾਣਾ ਸਾਹਿਬ ਤੋਂ ਚਲੇ ਜਾਣ। ਪਰ ਭਾਈ ਲਛਮਣ ਸਿੰਘ ਦੀ ਅਗਵਾਈ ਵਿਚ ਜਥਾ "ਸਿਰ ਜਾਏ ਤਾਂ ਜਾਏ ਮੇਰਾ ਸਿੱਖੀ-ਸਿਦਕ ਨਾ ਜਾਏ" ਪੜ੍ਹਦਿਆਂ ਹੋਇਆਂ ਮੱਥਾ ਟੇਕਣ ਲਈ ਗੁਰਦੁਆਰਾ ਜਨਮ ਸਥਾਨ ਵਲ ਵੱਧਦਾ ਗਿਆ। ਲਗ ਪਗ ਛੇ ਵਜੇ ਸਵੇਰੇ ਉਹ "ਗੁਰੂ ਦੇ ਦੁਆਰੇ" ਉਤੇ ਹਾਜ਼ਰ ਹੋ ਗਏ, ਅੱਗੇ ਮਹੰਤ ਦੇ ਖਰੀਦੇ ਹੋਏ ਗੁੰਡੇ ਮਾਰੂ-ਹਥਿਆਰਾਂ ਨਾਲ ਉਹਨਾਂ ਦੇ ਸਵਾਗਤ ਲਈ ਤਿਆਰ ਸਨ। ਜਥਾ ਦਰਸ਼ਨੀ-ਡਿਉੜੀ ਤੋਂ ਅੰਦਰ ਲੰਘ ਕੇ ਜਨਮ-ਸਥਾਨ ਮੱਥਾ ਟੇਕਣ ਲਈ ਅੰਦਰ ਗਿਆ। ਭਾਈ ਲਛਮਣ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਿਆ ਤੇ ਬਾਕੀ ਸਿੰਘ ਜੋਦੜੀ ਦੇ ਸ਼ਬਦ ਪੜ੍ਹਨ ਲੱਗੇ। ਅਚਾਨਕ ਉਹਨਾਂ ਉਤੇ ਹਮਲਾ ਹੋ ਗਿਆ। ਕਿਸੇ ਪਾਸਿਓਂ ਗੋਲੀਆਂ ਆ ਰਹੀਆਂ ਸਨ, ਕਿਸੇ ਪਾਸਿਓਂ ਇੱਟਾਂ-ਵੱਟਿਆਂ ਦਾ ਮੀਂਹ ਵਰ੍ਹ ਰਿਹਾ ਸੀ। ਦਰਵਾਜ਼ੇ ਬੰਦ ਕਰ ਕੇ ਮੋਰਚਾ-ਬੰਦੀ ਕੀਤੀ ਹੋਈ ਸੀ। ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ ਸੀ। ਕੁਝ ਸਿੰਘ ਤਾਂ ਗੋਲੀਆਂ ਨਾਲ ਭੁੰਨ ਦਿਤੇ ਗਏ, ਬਾਕੀ ਛਵ੍ਹੀਆਂ, ਗੰਡਾਸਿਆਂ, ਲਾਠੀਆਂ ਤੇ ਟਕੂਇਆਂ ਨਾਲ ਸ਼ਹੀਦ ਕਰ ਦਿਤੇ ਗਏ। ਮਹੰਤ ਨਸ਼ੇ ਵਿਚ ਧੁੱਤ ਘੋੜੇ 'ਤੇ ਚੜ੍ਹਿਆ ਉੱਚੀ ਉੱਚੀ ਆਖ ਰਿਹਾ ਸੀ, "ਕੋਈ ਵੀ ਜੀਉਂਦਾ ਨਾ ਬਚੇ, ਸਾਰਿਆਂ ਨੂੰ ਹੀ ਮਾਰ ਦਿਉ।"

ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਗੋਲੀਆਂ ਦੀ ਆਵਾਜ਼ ਸੁਣ ਕੇ ਜਦੋਂ ਵਾਹੋ-ਦਾਹੀ ਭੱਜੇ ਆਏ ਤਾਂ ਅਗੋਂ ਉਹਨਾਂ ਦਾ ਸਵਾਗਤ ਵੀ ਪਹਿਲਿਆਂ ਵਰਗਾ ਹੀ ਹੋਇਆ। ਮਹੰਤ ਦੇ ਪਿਸਤੌਲ 'ਚੋਂ ਨਿਕਲੀ ਗੋਲੀ ਨੇ ਭਾਈ ਦਲੀਪ ਸਿੰਘ ਨੂੰ ਸਦਾ ਲਈ ਸੁਆ ਦਿੱਤਾ। ਭਾਈ ਵਰਿਆਮ ਸਿੰਘ ਦੇ ਟੁਕੜੇ ਕਰ ਦਿੱਤੇ ਗਏ।


www.AKJ.Org

ਅੰਨ੍ਹੇਵਾਹ ਚਲੀਆਂ ਗੋਲੀਆਂ ਵਿਚੋਂ ਕੁਝ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਵਿਚ ਵੀ ਲੱਗੀਆਂ। ਜਦੋਂ ਭਾਈ ਹੀਰਾ ਸਿੰਘ ਜੀ ਰਾਗੀ ਨੇ ਪਾਵਨ-ਬੀੜ ਵਿਚ ਲੱਗੀਆਂ ਗੋਲੀਆਂ ਕੱਢੀਆਂ ਤਾਂ ਉਹ ਗਿਣਤੀ ਵਿਚ ਸੱਤ ਸਨ। ਮਹੰਤ ਦੇ ਹੁਕਮ ਨਾਲ ਭਾਈ ਲਛਮਣ ਸਿੰਘ ਧਾਰੋਵਾਲ ਨੂੰ ਜੰਡ ਨਾਲ ਪੁੱਠਾ ਲਟਕਾ ਕੇ, ਮਿੱਟੀ ਦਾ ਤੇਲ ਪਾ ਕੇ, ਅੱਗ ਲਗਾ ਦਿੱਤੀ ਗਈ। ਹੌਲਦਾਰ ਪ੍ਰੀਤਮ ਸਿੰਘ ਹੁੰਦਲ ਦੇ ਕਹਿਣ ਅਨੁਸਾਰ; ਅੱਗ ਲਗਾਉਣ ਤੋਂ ਪਹਿਲਾਂ ਮਹੰਤ ਦੇ ਹੁਕਮ ਨਾਲ ਭਾਈ ਲਛਮਣ ਸਿੰਘ ਦਾ ਸਿਰ ਕੱਟ ਕੇ ਮਹੰਤ ਦੇ ਹੱਥਾਂ ਵਿਚ ਦਿੱਤਾ ਗਿਆ, ਜਿਸ ਨੇ ਸਿਰ ਕੇਸਾਂ ਤੋਂ ਫੜ ਕੇ ਜ਼ਮੀਨ ਉਤੇ ਰੋਲਿਆ। ਅਰਦਾਸਾ ਸੋਧ ਕੇ ਧਰਮ ਹੇਤ ਸ਼ਹੀਦ ਹੋਣ ਵਾਲੇ ਸਿੰਘਾਂ ਵਿਚੋਂ ਭਾਈ ਲਛਮਣ ਸਿੰਘ ਸ਼ਰੋਮਣੀ ਸ਼ਹੀਦਾਂ ਦੀ ਲੰਮੀ ਕਤਾਰ ਦਾ ਇੱਕ ਸ਼ਹੀਦ ਮੰਨਿਆ ਜਾਂਦਾ ਹੈ, ਬਾਕੀਆਂ ਦਾ ਵੀ ਉਤਨਾ ਹੀ ਸਤਿਕਾਰ ਹੈ।

ਸਰਕਾਰੀ ਰਿਪੋਟ ਅਨੁਸਾਰ, ".. .. ਇਸ ਵੱਢ-ਟੁੱਕ ਦੀ ਕਾਰਵਾਈ ਤੋਂ ਪਿਛੋਂ ਸਾਰੇ ਮਾਰੇ ਗਏ ਸਿੱਖਾਂ ਨੂੰ ਇਕੱਠਾ ਕੀਤਾ ਗਿਆ ਤੇ ਲੋਥਾਂ ਦੇ ਢੇਰ ਉਤੇ ਮਿੱਟੀ ਦਾ ਤੇਲ ਪਾਇਆ ਗਿਆ ਤੇ ਲਾਂਬੂ ਲਾ ਦਿੱਤੇ ਗਏ।"

ਸਰਕਾਰੀ ਤੌਰ ਤੇ ਪੜਤਾਲ ਕਰਨ ਲਈ ਜਦੋਂ ਗੁਰਦੁਆਰੇ ਦੇ ਦਰਵਾਜ਼ੇ ਖੋਲ੍ਹੇ ਗਏ ਤਾਂ ਦ੍ਰਿਸ਼ ਬੜਾ ਭਿਆਨਕ ਤੇ ਸ਼ੋਕ ਮਈ ਸੀ। ਥਾਂ-ਥਾਂ ਉਤੇ ਲਹੂ ਦੇ ਨਿਸ਼ਾਨ ਸਨ। ਕੰਘੇ ਤੇ ਕੇਸ ਖਿਲਰੇ ਪਏ ਸਨ। ਪੰਜ ਢੇਰ ਲਾਸ਼ਾਂ ਦੇ ਅੱਡ ਅੱਡ ਥਾਵਾਂ ਤੇ ਪਏ ਸਨ ਤੇ ਚਾਰ ਲੋਥਾਂ ਅਜੇ ਉਸੇ ਤਰ੍ਹਾਂ ਪਈਆਂ ਸਨ। ਲੋਥਾਂ ਨੂੰ ਹਿਲਾਏ-ਜੁਲਾਏ ਬਗ਼ੈਰ ੫੫ ਖੋਪਰੀਆਂ ਗਿਣੀਆਂ ਗਈਆਂ......।" (ਅਸਲੀ ਗਿਣਤੀ ਇਸ ਤੋਂ ਕਿਤੇ ਵੱਧ ਸੀ—ਅਕਾਲੀ ਮੋਰਚਿਆਂ ਦਾ ਇਤਿਹਾਸ)।

ਇਸ ਖ਼ੂਨੀ ਸਾਕੇ ਦਾ ਪ੍ਰਤੀਕਰਮ ਇਹ ਹੋਇਆ ਕਿ ਸਿੱਖਾਂ ਅੰਦਰ ਜਾਗ੍ਰਤੀ ਪੈਦਾ ਹੋ ਗਈ ਤੇ ਉਹਨਾਂ ਨੇ ਬਦ-ਚਲਣ ਮਹੰਤਾਂ ਦੇ ਕਬਜ਼ਿਆਂ ਚੋਂ ਗੁਰਧਾਮਾਂ ਨੂੰ ਆਜ਼ਾਦ ਕਰਾਉਣ ਦਾ ਦ੍ਰਿੜ੍ਹ ਨਿਸਚਾ ਕਰ ਲਿਆ। ਸ਼ਹੀਦੀਆਂ ਦੇ ਮਹਾਨ-ਯੱਗ ਵਿਚ ਭਾਈ ਲਛਮਣ ਸਿੰਘ ਜੀ ਧਾਰੋਵਾਲ ਦਾ ਯੋਗਦਾਨ ਨਿਸਚੇ ਹੀ ਬੜਾ ਮਹੱਤਵ-ਪੂਰਨ ਹੈ। ਬਾਕੀ ਸ਼ਹੀਦਾਂ ਦਾ ਜ਼ਿਕਰ ਵੀ ਅਰਦਾਸ ਵਿੱਚ ਕੀਤਾ ਜਾਂਦਾ ਹੈ।

ਨਨਕਾਣੇ ਸਾਹਿਬ ਦੇ ਸ਼ਹੀਦਾਂ ਨੇ ਹੱਸ-ਹੱਸ ਸ਼ਹੀਦੀਆਂ ਦੇ ਕੇ ਸਿੱਧ ਕਰ ਦਿੱਤਾ ਕਿ ਜਿਥੇ ਉਹਨਾਂ ਨੇ 'ਨਿਰਭੈ' ਹੋ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਉਥੇ ਉਹ "ਨਿਰਵੈਰ" ਵੀ ਰਹੇ, ਉਹਨਾਂ ਕਿਸੇ ਉਤੇ ਹੱਥ ਨਹੀਂ ਚੁਕਿਆ। ਅਤਿਆਚਾਰ ਵਿਰੁੱਧ ਸਤਿਆਚਾਰ ਦਾ ਇਹ ਅਮਲੀ ਸਬੂਤ ਹੈ।

---

[੧੨ ਸਫ਼ੇ ਦੀ ਬਾਕੀ]

ਗੁਝੀ ਅਗਨੀ ਬਹੁਤਿਆਂ ਨੂੰ ਸਾੜ ਕੇ ਦਗਧ ਕਰ ਦੇਂਦੀ ਹੈ। ਐਸੀ ਗੁਹਜ ਖ਼ਬਰ ਸਤਿਗੁਰੂ ਨੂੰ ਹੋਈ ਹੈ। ਸਿੱਧਾਂ, ਸਾਧਕਾਂ ਅਤੇ ਕਰਾਮਾਤੀਆਂ, ਜਖਾਂ, ਕਿੰਨਰਾਂ, ਨਰਾਂ ਮਨੁੱਖਾਂ ਸਾਰਿਆਂ ਦੇ ਗਲ ਆ ਚਿੰਮੜਦੀ ਹੈ। ਪਰੰਤੂ ਸਤਿਗੁਰੂ ਜਿਨ੍ਹਾਂ ਨੂੰ ਅੰਗੀਕਾਰ ਕਰਦਾ ਹੈ, ਤਿਨ੍ਹਾਂ ਦੇ ਲਵੇ ਨਹੀਂ ਲੱਗ ਸਕਦੀ, ਕਿਉਂਕਿ ਕਰਤੇ ਪੁਰਖ ਦੇ ਘਰ ਅਜਿਹੀਆਂ ਮਾਇਆ ਲਛਮੀਆਂ ਵਰਗੀਆਂ ਕ੍ਰੋੜਾਂ ਹੀ ਗੋਲੀਆਂ ਪਾਣੀ ਭਰਦੀਆਂ ਅਤੇ ਵਾਹਿਗੁਰੂ ਦੇ ਜਨਾਂ ਦੀਆਂ ਦਾਸੀਆਂ ਬਣ ਕੇ ਕਰਮ ਕਮਾਉਂਦੀਆਂ ਹਨ।

ਭਗਤ ਜਨਾਂ ਦੀ ਤਾਂ ਮਾਇਆ ਦਾਸੀ ਹੈ, ਤਿਨ੍ਹਾਂ ਅਗੇ ਕਾਰ ਕਮਾਵੰਦੀ ਹੈ। ਪਰ ਭਗਤ ਜਨ ਇਸ ਤੋਂ ਅਲੇਪ ਰਹਿੰਦੇ ਹਨ। ਕੋਈ ਲੇਪ ਛੇਪ ਤਿਨ੍ਹਾਂ ਨੂੰ ਇਸ ਨਾਗਨੀ ਦਾ ਲੱਗਣਾ ਹੀ ਨਹੀਂ ਪਾਉਂਦਾ। ਮਨਮੁਖਾਂ ਸੰਸਾਰੀਆਂ ਉਤੇ ਅਨਿਕ ਰੂਪ ਧਾਰ ਧਾਰ ਕੇ ਆਪਣਾ ਅਸਰ ਐਸਾ ਪਾਉਂਦੀ ਹੈ ਕਿ ਉਹਨਾਂ ਨੂੰ ਆਪਣੇ ਦਾਸ ਹੀ ਬਣਾ ਲੈਂਦੀ ਹੈ। ਸਾਰੀ ਉਮਰ ਮਨਮੁਖ ਇਸੇ ਦੇ ਦਾਸ ਬਣੇ ਰਹਿੰਦੇ ਹਨ। ਇਸ ਨਾਗਨੀ ਦੇ ਜਿਸ ਸਰੂਪ ਦਾ ਸਾਰੀ ਉਮਰ ਪ੍ਰਬਲ ਪ੍ਰਭਾਵ ਜਿਸ ਜਿਸ ਸੰਸਾਰੀ ਦੀ ਚਿਤ-ਬਿਰਤੀ ਤੇ ਹਾਵੀ ਰਹਿੰਦਾ ਹੈ, ਓਹੀ ਅੰਤੀ ਅਉਸਰ ਪ੍ਰਾਣੀ ਤੇ ਭਾਰੂ ਰਹਿੰਦਾ ਹੈ ਤੇ ਓਹੋ ਜਿਹੀ ਚਿੰਤਾ ਅੰਦਰ ਉਹ ਮਰਦਾ ਹੈ। ਉਸੇ ਅਨੁਸਾਰ ਉਸ ਨੂੰ ਆਵਾ-ਗਵਣੀ ਜਨਮ ਮਿਲਦਾ ਹੈ ਤੇ ਉਹ ਜੂਨੀਆਂ ਵਿਚ ਪੈਂਦਾ ਰਹਿੰਦਾ ਹੈ।

["ਅਣਡਿੱਠੀ ਦੁਨੀਆ" ਪੁਸਤਕ ਵਿਚੋਂ]

 www.AKJ.Org

# ਖ਼ਤਰੇ ਬਾਰੇ ਚਿਤਾਵਨੀ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

੩੦-੩੧ ਦਸੰਬਰ ੧੯੯੩ ਅਤੇ ਪਹਿਲੀ ਜਨਵਰੀ ੧੯੯੪ ਨੂੰ ਅੰਮ੍ਰਿਤਸਰ ਦੇ ਕੰਪਨੀ ਬਾਗ ਵਿਚ ਇਕ ਸੰਤ-ਸੰਮਿਲਨ ਹੋਇਆ, ਜਿਸ ਵਿਚ ਵਖ ਵਖ ਧਰਮਾਂ ਅਤੇ ਵਖ ਵਖ ਸੰਪਰਦਾਵਾਂ ਦੇ ਸੰਤਾਂ ਨੇ ਭਾਗ ਲਿਆ।

ਸੰਮਿਲਨ ਦੇ ਪੰਡਾਲ ਵਿਚ ਕਈ ਮਾਟੋ ਲਗੇ ਹੋਏ ਸਨ, ਜਿਨ੍ਹਾਂ ਵਿਚੋਂ ਇਕ ਮਾਟੋ ਇਹ ਸੀ :—

"ਪਵਿੱਤਰ ਫੋਟੋ ਮੂਰਤੀ-ਪੂਜਾ ਨਹੀਂ, ਸਿਖ ਧਰਮ ਵਿਚ ਚਿਤਰ-ਦਰਸ਼ਨ ਪ੍ਰਵਾਨ ਹੈ"

'ਪਵਿਤਰ ਫੋਟੋ' ਤੋਂ ਮਾਟੋ ਲਾਉਣ ਵਾਲਿਆਂ ਪ੍ਰਬੰਧਕਾਂ ਦਾ ਭਾਵ ਸ਼ਾਇਦ ਪਵਿਤਰ ਜੀਵਨ ਵਾਲਿਆਂ ਦੀਆਂ ਮੂਰਤਾਂ ਤੋਂ ਹੀ ਹੈ। ਫੋਟੋ ਅਥਵਾ ਮੂਰਤਿ ਕੋਈ ਵੀ ਹੋਵੇ, ਕਿਸੇ ਅਕਾਰ ਅਥਵਾ ਸਰੀਰ ਦੀ ਹੀ ਹੁੰਦੀ ਹੈ। ਸਰੀਰ ਸਮੁੱਚੇ ਮਨੁਖ-ਮਾਤ੍ਰ ਦੇ ਪੰਜਾਂ ਤੱਤਾਂ ਦੀ ਬਣਤਰ ਹੁੰਦੇ ਹਨ ਤੇ ਪੰਜ-ਤੱਤ ਸਭ ਨੂੰ ਇਕੋ ਜਿਹੇ ਲਗੇ ਹੋਏ ਹਨ। ਜਿਥੋਂ ਤਕ ਆਤਮਿਕ ਪ੍ਰੇਰਨਾ ਦਾ ਸੰਬੰਧ ਹੈ, ਇਹ ਪੰਜ-ਭੂਤਕੀ ਸਰੀਰਾਂ ਜਾ ਉਹਨਾਂ ਦੀਆਂ ਮੂਰਤਾਂ ਤੋਂ ਨਹੀਂ, ਸਗੋਂ ਦੈਵੀ ਗੁਣਾਂ ਤੋਂ ਮਿਲਦੀ ਹੈ। ਏਸੇ ਲਈ ਗੁਰਬਾਣੀ ਵਿਚ ਸਰੀਰਾਂ (ਸੂਰਤਾਂ-ਮੂਰਤਾਂ) ਦੀ ਨਹੀਂ, ਸਗੋਂ ਗੁਣਾਂ (ਸੀਰਤ) ਦੀ ਪ੍ਰਧਾਨਤਾ ਦਰਸਾਈ ਗਈ ਹੈ :—

—ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ ॥
ਅਵਗੁਨੀਆਰੇ ਮਾਨਸੈ ਭਲੋ ਨ ਕਹਿ ਹੈ ਕੋਇ ॥੭੨॥ [ਸਲੋਕ ਕਬੀਰ ਜੀ, ੧੩੬੮

—ਸਰੀਰੁ ਜਲਉ ਗੁਣ ਬਾਹਰਾ ਜੋ ਗੁਰ ਕਾਰ ਨ ਕਮਾਇ ॥੧॥੨੩॥
[ਮ: ੩, ਵਾਰ ਸੋਰਠਿ, ਪੰਨਾ ੬੫੧

—ਬਿਨੁ ਗੁਣ ਕਾਮਿ ਨ ਆਵਹੀ ਢਹਿ ਢੇਰੀ ਤਨੁ ਖੇਹ ॥੧॥੧੭॥ [ਸਿਰੀ ਰਾਗੁ ਮ: ੧, ਪੰਨਾ ੨੦

ਪ੍ਰਸ਼ਨ ਉਠਦਾ ਹੈ ਕਿ ਜੇ ਸਰੀਰ ਅਥਵਾ ਮੂਰਤਿ ਤੋਂ ਕੋਈ ਆਤਮਿਕ ਪ੍ਰੇਰਨਾ ਨਹੀਂ ਮਿਲਦੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ 'ਅਕਾਲ-ਮੂਰਤਿ' ਅਤੇ 'ਗੁਰ-ਮੂਰਤਿ' ਆਦਿ ਸ਼ਬਦਾਂ ਦਾ ਕੀ ਅਰਥ ਹੈ ? ਦਰ-ਅਸਲ, ਕਈ ਹੋਰ ਸ਼ਬਦਾਂ ਵਾਂਗ 'ਮੂਰਤਿ' ਵੀ ਬਹੁ-ਅਰਥਕ ਸ਼ਬਦ ਹੈ। ਮਹਾਨ ਕੋਸ਼ ਵਿਚ 'ਮੂਰਤਿ' ਸ਼ਬਦ ਦੇ ਹੇਠ ਲਿਖੇ ਅਰਥ ਲਿਖੇ ਮਿਲਦੇ ਹਨ :—

ਮੂਰਤਿ—(੧) ਦੇਹ, ਸਰੀਰ। (੨) ਅਕਾਰ, ਸ਼ਕਲ। (੩) ਪ੍ਰਤਿਮਾ, ਤਸਵੀਰ। (੪) ਸਖ਼ਤੀ, ਕਠੋਰਤਾ। (੫) ਨਮੂਨਾ, ਉਦਾਹਰਣ, ਮਿਸਾਲ। (੬) ਹਸਤੀ, ਹੋਂਦ ਭਾਵ ਸੱਤਾ।

'ਅਕਾਲ ਮੂਰਤਿ' ਦਾ ਅਰਥ ਹੈ ਉਹ ਹੋਂਦ-ਹਸਤੀ ਅਥਵਾ ਸਰੂਪ, ਜੋ ਕਾਲ ਤੋਂ ਰਹਿਤ ਹੈ (ਵਾਹਿਗੁਰੂ), ਅਤੇ 'ਗੁਰ-ਮੂਰਤਿ' ਤੋਂ ਭਾਵ ਹੈ 'ਗੁਰੂ ਦਾ ਸਰੂਪ'।

ਇਸ ਵਿਚ ਕੋਈ ਸ਼ਕ ਨਹੀਂ ਕਿ ਮੂਰਤੀ-ਪੂਜ ਦੇਸ ਵਿਚ ਅਤੇ ਮੂਰਤੀ-ਪੂਜ ਸਮਾਜ ਵਿਚ ਵਿਚਰਦਿਆਂ ਹੋਇਆਂ ਗੁਰੂ ਸਾਹਿਬ ਜੀ ਦੇ ਵੇਲੇ ਕੁਝ ਕੁ ਸਾਧਾਰਨ ਸਿਖ ਵਿਅਕਤੀਆਂ ਵਿਚ ਗੁਰੂ ਪਾਤਸ਼ਾਹ ਦੀ ਮੂਰਤੀ ਲਈ ਤਾਂਘ ਉਪਜੀ ਹੋਵੇ। ਜਨ ਸਾਧਾਰਨ ਦੀ ਅਜਿਹੀ ਰੁਚੀ ਨੂੰ ਅਨੁਭਵ ਕਰਦਿਆਂ ਗੁਰੂ ਪਾਤਿਸ਼ਾਹ ਵਲੋਂ ਆਪਣੀ ਬਾਣੀ ਵਿਚ 'ਅਕਾਲ ਮੂਰਤਿ' ਅਤੇ "ਗੁਰ-ਮੂਰਤਿ" ਬਾਰੇ ਸਪੱਸ਼ਟ ਨਿਰਣਾ ਕੀਤਾ ਹੋਇਆ ਮਿਲਦਾ ਹੈ ਕਿ 'ਮੂਰਤਿ' ਅਥਵਾ 'ਚਰਣ' 'ਗੁਰ-ਸਬਦੁ' ਹੀ ਹੈ, ਕੋਈ ਪੰਜ-ਭੂਤਕੀ ਅਕਾਰ ਨਹੀਂ :

**ਅਕਾਲ ਮੂਰਤਿ—**

—ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥੩॥ ਮਾਰੂ ਸੋਲਹੇ ਮ: ੧, ਪੰਨਾ ੧੦੩੮

—ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ॥੭॥੧੧॥ [ਮਾਰੂ ਸੋਲਹੇ ਮ: ੫-੧੦੮੨

—ਥਾਪਿਆ ਨ ਜਾਇ ਕੀਤਾ ਨਾ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥੫॥ [ਜਪੁਜੀ


www.AKJ.Org

—ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥
ਸਦ ਸੁਣਦਾ, ਸਦ ਵੇਖਦਾ, ਸਬਦਿ ਰਹਿਆ ਭਰਪੂਰਿ ॥੧॥ਰਹਾਉ॥੩੫॥
]ਆਸਾ ਮ: ੩—੪੨੯

**ਗੁਰ ਮੂਰਤਿ**–

—ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨੁ ॥੧॥੭॥
[ਗੋਂਡ ਮ: ੧, ਪੰਨਾ ੮੬੪

—ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥੨੧॥ (੫੯੪)

—ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥੮॥੧॥
(ਸੋਰਠਿ ਮਹਲਾ ੧, ੬੩੫)

—ਬਿਨੁ ਸਬਦੈ ਸੁਣੀਐ ਨ ਦੇਖੀਐ ਜਗੁ ਬੋਲਾ ਅੰਨ੍ਹਾ ਭਰਮਾਇ ॥੮॥੩੫॥
[ਆਸਾ ਮ: ੩ ਅਸਟ:, ਪੰਨਾ ੪੨੯

—ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥੨॥੭॥੩੮॥
(ਧਨਾਸਰੀ ਮ: ੫—੬੮੦)

ਗੁਰਮਤਿ ਦੇ ਲਾਸਾਨੀ ਵਿਆਖਿਆਕਾਰ ਭਾ: ਸਾ: ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਇਕ ਤੋਂ ਵਧੇਰੇ ਵਾਰੀ ਸਪੱਸ਼ਟ ਕੀਤਾ ਹੋਇਆ ਹੈ ਕਿ ਗੁਰੂ ਦੀ ਮੂਰਤਿ ਗੁਰ-ਸ਼ਬਦ ਹੈ :—

ਸਬਦੁ ਗੁਰੂ ਗੁਰ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ ॥ (ਵਾਰ ੭, ਪਉੜੀ ੨੦)
ਗੁਰ ਦਰਸਨ ਗੁਰ ਸਬਦੁ ਹੈ ਨਿਜ ਘਰਿ ਭਾਇ ਭਗਤਿ ਰਹਿਰਾਸੀ ॥ (ਵਾਰ ੩੯, ਪਉੜੀ ੧੭)
ਗੁਰ ਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਵਿਚਿ ਪਰਗਟੀ ਆਇਆ ॥(ਵਾਰ ੨੪,ਪਉੜੀ ੨੫)
ਗੁਰ ਮੂਰਤਿ ਗੁਰ-ਸਬਦੁ ਹੈ ਸਾਧ ਸੰਗਤਿ ਸਮਸਰਿ ਪਰਵਾਣਾ ॥ (ਵਾਰ ੩੨, ਪਉੜੀ ੨)
ਗੁਰ ਮੂਰਤਿ ਗੁਰ-ਸਬਦੁ ਹੈ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ॥ (ਵਾਰ ੨੪, ਪਉੜੀ ੧੧)
ਗੁਰ ਮੂਰਤਿ ਗੁਰ ਸਬਦੁ ਸੁਣਿ ਸਾਧ ਸੰਗਤਿ ਆਸਣੁ ਨਿਰੰਕਾਰੀ ॥ (ਵਾਰ ੧੧, ਪਉੜੀ ੨)

ਭਾ: ਸਾਹਿਬ ਭਾ: ਮਨੀ ਸਿੰਘ ਜੀ ਰਚਿਤ ਪੁਸਤਕ 'ਸਿੱਖਾਂ ਦੀ ਭਗਤ-ਮਾਲ' ਵਿਚ ਪੰਨਾ ੧੪੨-੪੩ ਉਤੇ ਇਸ ਵਿਸ਼ੇ ਸੰਬੰਧੀ ਸਤਿਗੁਰਾਂ ਦੇ ਇਕ ਪਾਵਨ ਬਚਨ ਦਾ ਵਰਣਨ ਹੈ :—

"ਪ੍ਰਿਥਾ ਅਤੇ ਖੇੜੇ ਸੋਇਨੀ ਜਾਤਿ ਦੇ ਖਤਰੀ ਹੈਸਨਿ। ਸਤਿਗੁਰਾਂ ਦੇ ਦਰਸ਼ਨ ਨੂੰ ਕਰਤਾਰਪੁਰ ਆਏ।... ਤਾਂ ਅਰਦਾਸ ਕੀਤੀ, 'ਜੀ ਗਰੀਬ ਨਿਵਾਜ, ਅਸਾਂ ਨੂੰ ਆਪਣੇ ਚਰਨਾਂ ਦੀ ਸਰਨਿ ਰਖੀਏ।' ਬਚਨ ਹੋਇਆ, 'ਅਸਾਡੇ ਚਰਨ ਸਾਧ ਸੰਗਤਿ ਵਿਚ ਸਦਾ ਰਹਿੰਦੇ ਹੈਨਿ, ਤੁਸੀਂ ਸਦਾ ਮੇਰੇ ਚਰਨਾਂ ਦੀ ਸਰਨਿ ਹੋ। ਸਰੀਰ ਮੇਰਾ ਸਰਗੁਣ ਹੈ, ਸਬਦ ਮੇਰਾ ਰਿਦਾ ਹੈ, ਨਿਰਗੁਣ ਰੂਪ ਹੈ। ਜੇ ਸਰੀਰ ਨਾਲ ਮਿਲੋਗੇ ਤਾਂ ਫੇਰਿ ਭੀ ਵਿਛੜੋਗੇ। ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ'।"

ਉਪ੍ਰੋਕਤ ਪ੍ਰਮਾਣਾਂ ਤੋਂ ਇਹ ਤੱਥ ਨਿੱਤਰ ਕੇ ਸਾਹਮਣੇ ਆ ਜਾਂਦਾ ਹੈ ਕਿ 'ਗੁਰ ਮੂਰਤਿ' ਗੁਰੂ ਦਾ ਕੋਈ ਸਰੀਰਕ ਚਿੱਤਰ ਨਹੀਂ, ਸਗੋਂ ਗੁਰੂ ਦਾ ਸ਼ਬਦ ਹੈ। ਕਿਸੇ ਚਿੱਤਰ ਦਾ ਦਰਸ਼ਨ ਕਰਨਾ ਜਾਂ ਧਿਆਨ ਧਰਨਾ ਅਵੱਸ਼ ਮੂਰਤੀ-ਪੂਜਾ ਹੀ ਹੈ। ਸਤਿਗੁਰੂ ਦੀਆਂ ਸਰੀਰਕ ਮੂਰਤਾਂ ਨੂੰ ਸਿੱਖੀ ਵਿਚ ਕੋਈ ਮਹੱਤਤਾ ਨਹੀਂ। ਇਹ ਸਾਰੀਆਂ ਮੂਰਤਾਂ ਫ਼ਰਜ਼ੀ ਹਨ ਅਤੇ ਹਰ ਚਿੱਤਰਕਾਰ ਨੇ ਆਪੋ ਆਪਣੇ ਖ਼ਿਆਲੀ-ਤਸੱਵਰ ਦੇ ਅਧਾਰ ਤੇ ਬਣਾਈਆਂ ਹੋਈਆਂ ਹਨ। ਇਹੀ ਕਾਰਨ ਹੈ ਕਿ ਇਕ ਚਿੱਤਰ ਦੂਜੇ ਨਾਲ ਨਹੀਂ ਮਿਲਦਾ। ਗੁਰੂ ਘਰ ਵਿਚ 'ਗੁਰ-ਸ਼ਬਦ' ਦੇ ਧਿਆਨ ਧਰਨ ਦਾ ਹੀ ਵਿਧਾਨ ਹੈ।


www.AKJ.Org

ਬੜੇ ਅਫ਼ਸੋਸ ਦੀ ਗੱਲ ਹੈ ਕਿ ਜਿਹੜੇ ਟੋਏ ਵਿਚੋਂ ਸਤਿਗੁਰਾਂ ਨੇ ਸਿੱਖ-ਮਾਤ੍ਰ ਨੂੰ ਕਢਿਆ ਸੀ, ਇਹ ਅਖੌਤੀ ਸਾਧ-ਸੰਤ ਓਸੇ ਟੋਏ ਵਿਚ ਸਿੱਖ ਸੰਗਤਾਂ ਨੂੰ ਪਾਉਣ ਦੇ ਆਹਰ ਵਿਚ ਲਗੇ ਹੋਏ ਹਨ।

**ਸੰਤ—**

ਗੁਰਬਾਣੀ ਵਿਚ 'ਸੰਤ' ਦੀ ਬੜੀ ਮਹਿਮਾ ਦਰਸਾਈ ਹੋਈ ਹੈ। ਪਰ ਨਾਲ ਹੀ ਸੰਤ ਦੇ ਲੱਛਣ ਵੀ ਨਿਰੂਪਨ ਕੀਤੇ ਹੋਏ ਹਨ :-

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥੮॥

(ਵਾਰ ਗਉੜੀ, ਸਲੋਕ ਮ: ੫, ਪੰਨਾ ੩੧੯)

ਉਪ੍ਰੋਕਤ ਦੈਵੀ-ਲੱਛਣਾਂ ਵਾਲੇ ਗੁਰਸਿਖ ਖਾਲਸਾ ਪੰਥ ਵਿਚ ਸਮੇਂ ਸਮੇਂ ਬੇਅੰਤ ਹੁੰਦੇ ਆਏ ਹਨ ਅਤੇ ਅਜ ਵੀ ਹੈਨਿ, ਪਰ ਉਹ ਸੰਤ-ਪੁਣੇ ਦਾ ਦਾਅਵਾ ਕਦੀ ਨਹੀਂ ਬੰਨ੍ਹਦੇ। ਸਿੱਖ ਇਤਿਹਾਸ ਵਿਚ ਗੁਰੂ ਕਾਲ ਤੋਂ ਲੈ ਕੇ ਭਾਈ ਮਨੀ ਸਿੰਘ ਜੀ ਸ਼ਹੀਦ ਤੱਕ ਕਿਸੇ ਗੁਰਸਿੱਖ ਦੇ ਨਾਂ ਨਾਲ 'ਸੰਤ' ਪਦ ਸੰਮਿਲਤ ਕੀਤੇ ਜਾਣ ਦਾ ਜ਼ਿਕਰ ਨਹੀਂ ਮਿਲਦਾ। ਗੁਰਮੁਖੀ ਜੀਵਨ ਵਾਲੇ ਪਰਤਿਸ਼ਠਤ ਸਿਖ 'ਭਾਈ ਸਾਹਿਬ' ਦੇ ਲਕਸ਼ ਨਾਲ ਸਤਿਕਾਰੇ ਜਾਂਦੇ ਰਹੇ ਹਨ। ਅਜ ਕੋਈ ਅਜਿਹੀ ਹਵਾ ਵਗ ਪਈ ਹੈ ਕਿ ਜਣਾ ਖਣਾ ਸੰਤ ਬਣੀ ਫਿਰਦੈ। ਸੰਤ ਬਣਨ ਲਈ ਜੀਵਨ-ਭਰ ਕਰੜੀ ਘਾਲਣਾ ਦੀ ਲੋੜ ਹੁੰਦੀ ਹੈ, ਪਰ ਅਜ ਸੰਤ ਬਣਨ ਲਈ ਕੁਝ ਕੁ ਗਜ ਸਫ਼ੈਦ ਮਲਮਲ ਦਸਤਾਰ ਲਈ ਅਤੇ ਚੋਲੇ ਲਈ ਪੰਜ ਕੁ ਗਜ ਸਫ਼ੈਦ ਪਾਪਲੀਨ ਕਾਫ਼ੀ ਹੈ। ਸੰਤ-ਗੀਰੀ ਅਜ ਕੋਰੇ ਭੇਖ ਦੀ ਬਣ ਗਈ ਹੈ।

ਅਜ ਕੁਝ ਸੰਤਾਂ ਨੇ ਪਰਪੰਚ ਰਚ ਕੇ ਵਡੇ ਵਡੇ ਡੇਰੇ ਬਣਾਏ ਹੋਏ ਹਨ ਅਤੇ ਕਈ ਆਪਣੀ ਸਿੱਖੀ ਸੇਵਕੀ ਚਲਾ ਰਹੇ ਹਨ। ਕਈ ਖੁਲ੍ਹਮ-ਖੁਲ੍ਹਾ ਆਪਣੇ ਆਪ ਨੂੰ ਮੱਥਾ ਟਿਕਾਉਂਦੇ ਹਨ। ਰੱਬ ਦੀਆਂ ਰੱਬ ਜਾਣੇ, ਪਰ ਸੁਣਨ ਵਿਚ ਆਇਆ ਹੈ ਕਿ ਗੁਰਮਤਿ-ਵਿਰੋਧੀ ਕੁਝ ਕੁ ਸ਼ਕਤੀਆਂ ਵਲੋਂ ਇਹ ਸਕੀਮ ਬਣਾਈ ਗਈ ਹੈ ਕਿ ਕੁਝ ਕੁ ਡੇਰੇਦਾਰ ਸਾਧਾਂ ਸੰਤਾਂ ਨੂੰ ਮੂੰਹ-ਮੰਗੀਆਂ ਸੁਭਦਾਵਾਂ ਮੁਹੱਈਆ ਕਰਾ ਕੇ ਇਹਨਾਂ ਨੂੰ ਏਨਾ ਚੁਕਿਆ ਜਾਵੇ ਕਿ ਇਹ ਬਿਲਕੁਲ ਉਹਨਾਂ ਲੀਹਾਂ ਤੇ ਤੁਰ ਪੈਣ ਜਿਨ੍ਹਾਂ ਲੀਹਾਂ ਤੇ ਬਿਆਸ ਆਦਿ ਗੁਰੂ-ਡੰਮੀ ਡੇਰੇ ਚਲ ਰਹੇ ਹਨ।

ਪਿਛਲੇ ਕੁਝ ਹੀ ਸਾਲਾਂ ਵਿਚ ਡੇਰੇਦਾਰ ਸੰਤਾਂ ਸਾਧਾਂ ਦੀ ਗਿਣਤੀ ਅਤੇ ਉਹਨਾਂ ਦੀ ਚੜ੍ਹਤ ਦਾ ਬੋਲ-ਬਾਲਾ ਵੇਖਣ ਸੁਣਨ ਵਿਚ ਆ ਰਿਹਾ ਹੈ। ਪਿਛੇ ਜਿਹੇ ਇਹਨਾਂ ਡੇਰੇ-ਦਾਰ ਸਾਧਾਂ-ਸੰਤਾਂ ਦੀ ਕਿਸੇ ਥਾਵੇਂ ਮੀਟਿੰਗ ਹੋਈ, ਜਿਸ ਵਿਚ ਇਹ ਵਿਚਾਰ ਸਾਹਮਣੇ ਆਇਆ ਕਿ ਜੇ ਕਰਮਚਾਰੀਆਂ ਦੀ ਯੂਨੀਅਨ ਹੈ, ਵਪਾਰੀਆਂ ਦੀ ਯੂਨੀਅਨ ਹੈ, ਡਾਕਟਰਾਂ ਦੀ ਯੂਨੀਅਨ ਹੈ ਤਾਂ ਸੰਤਾਂ ਦੀ ਯੂਨੀਅਨ ਵੀ ਅਵੱਸ਼ ਚਾਹੀਦੀ ਹੈ। ਸੋ ਇਹਨਾਂ ਡੇਰੇ-ਦਾਰ ਸਾਧਾਂ ਸੰਤਾਂ ਵਲੋਂ ਸਿਖ ਸਮਾਜ ਤੋਂ ਵਿਸ਼ੇਸ਼ ਇਕ ਸੰਤ-ਸਮਾਜ ਦੀ ਸਿਰਜਨਾ ਕੀਤੀ ਦਸੀ ਜਾਂਦੀ ਹੈ ਤੇ ਇਹਨਾਂ ਵਲੋਂ ਖਾਲਸਾ ਰਹਿਤ ਮਰਯਾਦਾ ਬਾਰੇ ਇਕ ਆਪਣੀ ਮਨ-ਮਰਜ਼ੀ ਦੀ ਰਹਿਤ ਮਰਯਾਦਾ ਦਾ ਖਰੜਾ ਵੀ ਤਿਆਰ ਕੀਤਾ ਦਸਿਆ ਜਾਂਦਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਸੰਤ ਸਮਾਜ ਵਿਚ ਕੁਝ ਅਜਿਹੇ ਡੇਰੇਦਾਰ ਸੰਤ ਵੀ ਹਨ ਜੋ ਖਾਲਸਾ ਰਹਿਤ ਤੋਂ ਬਿਲਕੁਲ ਕੋਰੇ ਹਨ। ਬੇਸ਼ਕ ਇਹਨਾਂ ਵਿਚ ਕੁਝ ਸੰਤ ਨਿਰਮਲ ਜੀਵਨ ਵਾਲੇ ਵੀ ਹੋ ਸਕਦੇ ਹਨ, ਪਰ ਉਹਨਾਂ ਨੇ ਇਸ ਮਿਲ-ਗੋਭਾ ਸੰਤ ਸਮਾਜ ਨਾਲ ਸਾਂਝ ਪਾ ਕੇ ਆਪਣੀ ਪੜਤ ਵਿਗਾੜ ਲਈ ਹੈ।

ਸਿਖ ਸੰਗਤਾਂ ਦੀ ਜਾਣਕਾਰੀ ਲਈ ਉਪ੍ਰੋਕਤ ਤੱਥ ਨਿਰੂਪਣ ਕੀਤੇ ਜਾ ਰਹੇ ਹਨ ਅਤੇ ਪੂਰੀ ਸਾਵਧਾਨੀ ਵਰਤੇ ਜਾਣ ਦੀ ਅਪੀਲ ਕੀਤੀ ਜਾਂਦੀ ਹੈ।



www.AKJ.Org

# ਗੁ: ਕੋਟ ਥਾਨ ਸਿੰਘ ਅਤੇ ਜਥੇਦਾਰ ਝੱਬਰ

[ਭਾਈ ਨਰੈਣ ਸਿੰਘ ਜੀ ਐਮ ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਜ਼ਿਲਾ ਕੈਂਬਲਪੁਰ ਦੀ ਤਹਿਸੀਲ ਫ਼ਤਹਜੰਗ ਵਿਖੇ ੯੪ ਪਿੰਡਾਂ ਦੀ ਇਕ ਛੋਟੀ ਜਿਹੀ ਰਿਆਸਤ ਕੋਟ ਫਤਹ ਖ਼ਾਨ ਉਰਫ਼ ਕੋਟ ਭਾਈ ਥਾਨ ਸਿੰਘ ਦੇ ਨਾਮ ਨਾਲ ਪ੍ਰਸਿਧ ਹੈ। ਕੋਟ ਫ਼ਤਹ ਖ਼ਾਨ ਦੇ ਲਾਗੇ ਹੀ ਨਿਰਮਲੇ ਸਿੰਘ ਭਾਈ ਥਾਨ ਸਿੰਘ ਦੀ ਡੇਹਰੀ ਅਤੇ ਗੁਰਦਵਾਰਾ ਹੈ। ਇਸ ਦੇ ਨਾਲ ਤੀਹ ਏਕੜ ਜ਼ਮੀਨ ਦੀ ਮਾਲਕੀ ਅਤੇ ਦੋ ਪਿੰਡਾਂ ਦੀ ਜਾਗੀਰ, ਇਸ ਗੁਰਦਵਾਰੇ ਦੇ ਨਾਮ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਲਗਾਈ ਹੋਈ ਸੀ। ਇਥੇ ਵਿਸਾਖੀ ਅਤੇ ਸ਼ਰਾਧਾਂ ਸਮੇਂ ਦੋ ਵਡੇ ਮੇਲੇ ਲਗਦੇ ਸਨ। ਇਨ੍ਹਾਂ ਤੇ ਰਾਵਲਪਿੰਡੀ ਤੋਂ ਪਿਸ਼ਾਵਰ ਤਕ ਸਾਰੀ ਸਰਹੱਦ ਦੀ ਸਿੱਖ ਸੰਗਤ ਜੁੜਦੀ ਸੀ। ਇਸ ਤਰ੍ਹਾਂ ਇਸ ਗੁਰਦਵਾਰੇ ਨੂੰ ਲਖ ਡੇਢ ਲਖ ਰੁਪਏ ਦੀ ਸਾਲਾਨਾ ਆਮਦਨ ਹੋ ਜਾਂਦੀ ਸੀ। ਇਥੋਂ ਦੇ ਵਡੇ ਨਵਾਬ, ਇਸ ਡੇਹਰੀ ਦੇ ਬੜੇ ਸ਼ਰਧਾਲੂ ਸਨ ਅਤੇ ਰਵਾਇਤ ਹੈ ਕਿ ਜਦੋਂ ਇਸ ਰਿਆਸਤ ਦੇ ਨਵਾਬ ਫ਼ਤਹ ਖ਼ਾਨ ਨੂੰ ਪਿੰਡੀਘੇਬ ਦੇ ਘੇਬੇ ਗ੍ਰਿਫ਼ਤਾਰ ਕਰ ਕੇ ਲੈ ਗਏ, ਤਾਂ ਨਵਾਬ ਸਾਹਿਬ ਨੇ ਬੜੇ ਪੀਰ ਫ਼ਕੀਰ ਮਨਾਏ, ਪਰ ਕੋਈ ਨ ਬਹੁੜਿਆ। ਅਖ਼ੀਰ ਉਸ ਨੇ ਭਾਈ ਥਾਨ ਸਿੰਘ ਦੀ ਅਰਾਧਨਾ ਕੀਤੀ, ਜਿਸ ਤੇ ਇਸ ਨੂੰ ਆਵਾਜ਼ ਆਈ, "ਉਠ ਵੰਞ ਓ ਫ਼ਤਹ ਖ਼ਾਨ, ਉਠ ਘਰ ਵੰਞ।" ਹੈਰਾਨ ਹੋ ਕੇ ਇਸ ਨੇ ਵੇਖਿਆ ਤਾਂ ਕੋਠੜੀ ਦਾ ਬੂਹਾ ਖੁਲ੍ਹਾ ਸੀ। ਉਹ ਨਿਕਲ ਕੇ ਦੌੜ ਗਿਆ ਅਤੇ ਆਪਣੇ ਘਰ ਪਹੁੰਚ ਗਿਆ।

ਇਸ ਤੋਂ ਇਸ ਘਰਾਣੇ ਦੀ ਭਾਈ ਥਾਨ ਸਿੰਘ ਤੇ ਸ਼ਰਧਾ ਬਹੁਤ ਵਧੀ। ਇਥੋਂ ਦੇ ਨਵਾਬ ਪੁਸ਼ਤ ਦਰ ਪੁਸ਼ਤ ਇਸ ਅਸਥਾਨ ਦੀ ਬੜੀ ਮਾਨਤਾ ਕਰਦੇ ਰਹੇ। ਪਰੰਤੂ ਜਿਸ ਸਮੇਂ ਦਾ ਅਸੀਂ ਜ਼ਿਕਰ ਕਰਦੇ ਹਾਂ, ਇਥੋਂ ਦੇ ਨਵਾਬ ਮੁਹੰਮਦ ਨਿਵਾਜ਼, ਜੋ ਇੰਗਲੈਂਡ ਤੋਂ ਵਿਦਿਆ ਹਾਸਲ ਕਰ ਕੇ ਆਇਆ ਸੀ, ਦੀ ਤ੍ਰਿਸ਼ਨਾ ਏਨੀ ਵਧੀ ਕਿ ਉਸ ਨੇ ਗੁਰਦਵਾਰੇ ਦੇ ਮਹੰਤ ਪ੍ਰਕਾਸ਼ ਅਨੰਦ ਨੂੰ ਗੁਰਦਵਾਰੇ ਦੀ ਅਧੀ ਆਮਦਨ ਹਰ ਸਾਲ ਦੇਣ ਲਈ ਮਜਬੂਰ ਕੀਤਾ। ਮਹੰਤ ਨੇ ਇਸ ਤੋਂ ਇਨਕਾਰ ਕਰ ਦਿਤਾ ਤਾਂ ਨਵਾਬ ਨੇ ਗੁਰਦਵਾਰੇ ਤੋਂ ਬਿਨਾਂ ਜੋ ੨੯ ਘੁਮਾਂ ਜ਼ਮੀਨ ਸੀ, ਧਕੇ ਨਾਲ ਵਾਹ ਲਈ, ਅਤੇ ਹਿੰਦੂਆਂ ਦਾ ਇਕ ਸ਼ਿਵਦੁਆਲਾ, ਜੋ ਇਸੇ ਜ਼ਮੀਨ ਵਿਚ ਸੀ, ਢਾਹ ਦਿਤਾ। ਤਲਾਅ ਪੁਟ ਕੇ ਪੂਰ ਦਿਤਾ ਤੇ ਸਭ ਥਾਂ ਹਲ ਫੇਰ ਦਿਤੇ। ਮਹੰਤ ਨੇ ਕੈਂਬਲਪੁਰ ਨਵਾਬ ਸਾਹਿਬ ਵਿਰੁਧ ਦਾਅਵਾ ਕੀਤਾ ਤੇ ਇਕ ਹਿੰਦੂ ਵਕੀਲ ਕੀਤਾ। ਨਵਾਬ ਨੇ ਚੰਦ ਬਦਮਾਸ਼ਾਂ ਨੂੰ ਕੁਝ ਰੁਪਏ ਦੇ ਕੇ ਮਹੰਤ ਦੇ ਵਕੀਲ ਨੂੰ ਕਤਲ ਕਰਵਾ ਦਿਤਾ। ਵਕੀਲ ਦੇ ਕਤਲ ਵਿਚ ਨਾ ਕੋਈ ਪਰਚਾ ਹੋਇਆ ਤੇ ਨਾ ਗ੍ਰਿਫ਼ਤਾਰੀ। ਮਹੰਤ ਨਵਾਬ ਤੋਂ ਡਰ ਗਿਆ ਤੇ ਅੰਮ੍ਰਿਤਸਰ ਸ਼੍ਰੋਮਣੀ ਗੁਰਦੁਆਰਾ ਕਮੇਟੀ ਪਾਸ ਪਹੁੰਚਿਆ ਅਤੇ ਆਪਣੇ ਸਾਰੇ ਹਾਲਾਤ ਦਸ ਕੇ ਕਮੇਟੀ ਨੂੰ ਕਿਹਾ ਕਿ ਗੁਰਦਵਾਰਾ ਸਾਂਭੋ ਤੇ ਮੈਨੂੰ ਰੋਟੀ ਖਾਣ ਨੂੰ ਦੇ ਦਿਓ।

ਸ਼੍ਰੋਮਣੀ ਕਮੇਟੀ ਨੇ ਗੁਰਦਵਾਰਾ ਲੈ ਲਿਆ ਤੇ ਪ੍ਰਬੰਧ ਗੁਰਦੁਆਰਾ ਪੰਜਾ ਸਾਹਿਬ ਕਮੇਟੀ ਦੇ ਸਪੁਰਦ ਕਰ ਦਿਤਾ। ਅਸੂ ਦੇ ਮਹੀਨੇ ਸੰਨ ੧੯੩੭ ਸਰਾਧਾਂ ਦਾ ਮੇਲਾ ਆਇਆ ਤਾਂ ਪੰਜੇ ਸਾਹਿਬ ਕਮੇਟੀ ਦੀ ਮੀਟਿੰਗ ਹੋਈ ਤੇ ਕੋਟ ਭਾਈ ਥਾਨ ਸਿੰਘ ਦਾ ਮੇਲਾ ਕਰਨ ਵਾਸਤੇ ਵਿਚਾਰ ਹੋਈ। ਪ੍ਰਧਾਨ ਸਾਹਿਬ ਸ: ਕਰਤਾਰ ਸਿੰਘ ਵਕੀਲ ਕੈਂਬਲਪੁਰ ਨੇ ਆਖਿਆ, "ਭਈ, ਅਸੀਂ ਤਾਂ ਮੇਲਾ ਨਹੀਂ ਕਰ ਸਕਦੇ, ਕਿਉਂਕਿ ਜੋ ਕੁਝ ਮਹੰਤ ਦੇ ਵਕੀਲ ਨਾਲ ਹੋਇਆ ਹੈ, ਉਹ ਤੁਹਾਨੂੰ ਸਭ ਨੂੰ ਪਤਾ ਹੀ ਹੈ।" ਸਭ ਚੁਪ ਹੋ ਗਏ ਤਾਂ ਭਾਈ ਮੂਲ ਸਿੰਘ ਮੈਂਬਰ ਕਮੇਟੀ ਡੁਮੇਲੀ ਜ਼ਿਲਾ ਜੇਹਲਮ ਵਾਲੇ ਨੇ ਆਖਿਆ, "ਤੁਸੀਂ ਖਰਚ ਪਾਸ ਕਰੋ ਤੇ ਮੇਲਾ ਮੈਂ ਕਰਾਂਗਾ। ਅਸੀਂ ਮੇਲਾ ਨਾ ਕਰੀਏ ਤਾਂ ਸਿੱਖਾਂ ਦੀ ਬਦਨਾਮੀ ਹੋਵੇਗੀ।"

ਪ੍ਰਧਾਨ ਸਾਹਿਬ ਨੇ ਆਖਿਆ, "ਮੂਲ ਸਿੰਘ, ਤੂੰ ਮੇਲਾ ਕਿਵੇਂ ਕਰ ਸਕਦਾ ਏਂ?" ਉਤਰ ਵਿਚ ਮੂਲ ਸਿੰਘ ਨੇ ਆਖਿਆ, "ਮੈਂ ਝੱਬਰ ਦਾ ਜਥਾ ਮੰਗਵਾਵਾਂਗਾ।" ਮੇਲੇ ਤੇ ਜੋ ਖਰਚ ਦਾ ਐਸਟੀਮੇਟ ਸੀ, ਉਹ ਪਾਸ ਹੋ



www.AKJ.Org

ਗਿਆ। ਭਾਈ ਮੂਲ ਸਿੰਘ ਨੇ ਜਥੇਦਾਰ ਕਰਤਾਰ ਸਿੰਘ ਜੀ ਝੱਬਰ ਨੂੰ ਚਿਠੀ ਲਿਖੀ ਅਤੇ ਨਵਾਬ ਤੇ ਮਹੰਤ ਦੇ ਸਾਰੇ ਹਾਲਾਤ ਵੀ ਚਿਠੀ ਵਿਚ ਲਿਖੇ ਤੇ ਜਥੇ ਦੀ ਮੰਗ ਕੀਤੀ। ਉਤਰ ਵਿਚ ਝੱਬਰ ਨੇ ਲਿਖ ਦਿਤਾ, "ਮੇਲੇ ਦਾ ਪ੍ਰਬੰਧ ਕਰਨ ਵਾਸਤੇ ਜਥਾ ਪਹੁੰਚ ਜਾਵੇਗਾ।" ਭਾਈ ਮੂਲ ਸਿੰਘ ਦੀ ਦੂਜੀ ਚਿਠੀ ਮੇਲੇ ਤੋਂ ਇਕ ਹਫਤਾ ਪਹਿਲਾਂ ਆਈ, "ਕੋਟ ਭਾਈ ਥਾਨ ਦਾ ਮੇਲਾ ਕਰਨ ਵਾਸਤੇ ਇਸ਼ਤਿਹਾਰ ਵੰਡਿਆ ਗਿਆ ਹੈ, ਪਰ ਤਸੀਲਦਾਰ ਫਤਹ ਜੰਗ ਤੇ ਥਾਣੇਦਾਰ ਨੇ ਪਿੰਡਾਂ ਵਿਚ ਦੌਰਾ ਸ਼ੁਰੂ ਕਰ ਦਿਤਾ ਹੈ, ਲੋਕਾਂ ਨੂੰ ਕਹਿ ਰਿਹਾ ਹੈ ਕਿ ਮੇਲੇ ਤੇ ਕੋਈ ਨਾ ਆਵੇ, ਉਥੇ ਗੋਲੀ ਚਲੇਗੀ। ਇਲਾਕੇ ਵਿਚ ਬੇ-ਦਿਲੀ ਜਿਹੀ ਪੈਦਾ ਹੋ ਗਈ ਹੈ ਤੇ ਲੋਕੀ ਸਹਿਮ ਗਏ ਹਨ। ਤੁਸੀਂ ਜਥਾ ਲੈ ਕੇ ਦੋ ਦਿਨ ਪਹਿਲਾਂ ਪਹੁੰਚੋ ਤਾਂ ਰੌਣਕ ਹੋਵੇਗੀ।"

ਉਸ ਇਲਾਕੇ ਦੇ ਹਾਲਾਤ ਝੱਬਰ ਚੰਗੀ ਤਰ੍ਹਾਂ ਜਾਣਦਾ ਸੀ। ਸੋ ਉਹ ਜਥਾ ਲੈ ਕੇ ਦੋ ਦਿਨ ਪਹਿਲੇ ਰਾਵਲਪਿੰਡੀ ਪਹੁੰਚ ਗਿਆ। ਸਵੇਰੇ ਹੀ ਸਟੇਸ਼ਨ ਤੋਂ ੮੫ ਸਿੰਘਾਂ ਦਾ ਬਾਵਰਦੀ ਜਥਾ ਜਲੂਸ ਕਢ ਕੇ ਰਾਜਾ ਬਾਜ਼ਾਰ ਰਾਹੀਂ ਸਿੰਘ ਸਭਾ ਵਿਚ ਪਹੁੰਚਿਆ ਤਾਂ ਸ਼ਹਿਰ ਦੇ ਲੋਕ ਬੜੇ ਖੁਸ਼ ਹੋਏ। ਜਥੇ ਦੀ ਸੇਵਾ ਦਾ ਪ੍ਰਬੰਧ ਸਿੰਘ ਸਭਾ ਵਲੋਂ ਸੀ। ਜਥਾ ਦੋ ਦਿਨ ਏਥੇ ਠਹਿਰਿਆ। ਜਥੇ ਦੇ ਪਹੁੰਚਣ ਦੀ ਖਬਰ ਜ਼ਿਲਾ ਰਾਵਲਪਿੰਡੀ, ਕੈਂਬਲਪੁਰ, ਬਲਕਿ ਸਾਰੇ ਸੂਬਾ ਸਰਹੱਦ ਵਿਚ ਘਰ ਘਰ ਹੋ ਗਈ ਅਤੇ ਦੂਰ ਨੇੜੇ ਤੋਂ ਸੰਗਤਾਂ ਬਹੁਤ ਗਿਣਤੀ ਵਿਚ ਸਰਾਧਾਂ ਦਾ ਮੇਲਾ ਦੇਖਣ ਕੋਟ ਭਾਈ ਥਾਨ ਸਿੰਘ ਪੁਜਣੀਆਂ ਸ਼ੁਰੂ ਹੋ ਗਈਆਂ। ਨਵਾਬ ਨੇ ਆਪਣੇ ਪਿੰਡਾਂ ਵਿਚੋਂ ਵੀਹ ਹਜ਼ਾਰ ਮੁਸਲਮਾਨ ਇਕੱਠਾ ਕੀਤਾ ਹੋਇਆ ਸੀ, ਜਿਨ੍ਹਾਂ ਦਾ ਕੈਂਪ ਸ਼ਹਿਰ ਤੋਂ ਚੜ੍ਹਦੇ ਬੰਨੇ ਗੁਰਦਵਾਰੇ ਤੋਂ ਲਗ ਪਗ ਡੇਢ ਮੀਲ ਤੇ ਸੀ। ਇਥੇ ਇਨ੍ਹਾਂ ਲਈ ਰਾਸ਼ਨ ਤੇ ਬਕਰੇ ਤੇ ਦੁੰਬੇ ਜਮ੍ਹਾ ਕੀਤੇ ਹੋਏ ਸਨ। ਜਥਾ ਮੇਲੇ ਦੇ ਪਹਿਲੇ ਦਿਨ ਹੀ ਕੋਟ ਭਾਈ ਥਾਨ ਸਿੰਘ ਨੌਂ ਵਜੇ ਪਹੁੰਚ ਗਿਆ। ਗੁਰਦੁਆਰੇ ਦੀ ਜ਼ਮੀਨ ਵਿਚ ਸ਼ਹਿਰੋਂ ਲਹਿੰਦੇ ਵਲ ਛੋਲਦਾਰੀਆਂ, ਤੰਬੂ, ਸ਼ਾਮਿਆਨੇ ਲਗਾ ਕੇ ਕੈਂਪ ਲਗਾ ਦਿਤਾ। ਨਵਾਬ ਆਪ ਤਾਂ ਜਥੇ ਦੀ ਸ਼ਕਲ ਵੇਖ ਕੇ ਹੀ ਭਜ ਗਿਆ, ਪਰ ਪਿਛੇ ਜਥੇ ਨਾਲ ਲੜਨ ਵਾਸਤੇ ਜ਼ਰੂਰੀ ਹਦਾਇਤਾਂ ਦੇ ਗਿਆ। ਪੁਲੀਸ ਕਪਤਾਨ ਤੇ ਡੀ.ਸੀ. ਕੈਂਬਲਪੁਰ ਭੀ ਸੌ ਸਿਪਾਹੀ ਸਮੇਤ ਪੁਜੇ ਹੋਏ ਸਨ। ਰਾਤ ਤਕ ਕਾਫੀ ਰੌਣਕ ਹੋ ਗਈ।

ਅਗਲੇ ਭਲਕ ਆਸਾ ਦੀ ਵਾਰ ਦਾ ਭੋਗ ਪਿਆ। ਕਥਾ ਹੋ ਰਹੀ ਸੀ। ਜਥਾ ਤੰਬੂਆਂ ਵਿਚ ਬੈਠਾ ਸੀ, ਕਿ ਇਕ ਸਿੰਘ ਨੇ ਆ ਕੇ ਆਖਿਆ, "ਖਾਲਸਾ ਜੀ ! ਮੁਸਲਮਾਨ ਆ ਗਏ ਨੇ।"

ਝੱਬਰ ਨੇ ਉਠ ਕੇ ਵੇਖਿਆ, ਅਗੇ ਅਗੇ ਢੋਲ ਵਜਦੇ ਆ ਰਹੇ ਸਨ ਤੇ ਪਿਛੇ ਪਿਛੇ ਹਜ਼ਾਰਾਂ ਮੁਸਲਮਾਨ ਹਥਿਆਰ-ਬੰਦ ਹੋ ਕੇ ਆ ਰਹੇ ਸਨ।

ਝੱਬਰ ਨੇ ਜਥੇ ਨੂੰ ਤਿਆਰੀ ਦਾ ਹੁਕਮ ਦਿਤਾ। ਇਕ ਮਿੰਟ ਵਿਚ ਸਿੰਘ ਤਿਆਰ ਹੋ ਗਏ। ਮੁਸਲਮ ਹਜੂਮ ਦਾ ਮੁਕਾਬਲਾ ਕਰਨ ਵਾਸਤੇ ਜੈਕਾਰਾ ਛਡ ਕੇ ਅਗੇ ਝੱਬਰ ਤੇ ਪਿਛੇ ਜਥਾ ਤਿਆਰ ਬਰ ਤਿਆਰ ਹੋ ਕੇ ਨਿਕਲਿਆ। ਜਥੇ ਤੋਂ ਇਲਾਵਾ ਕੈਂਪ ਵਿਚੋਂ ਵੀਹ ਕੁ ਸਿੰਘ ਨਾਲ ਸ਼ਾਮਲ ਹੋ ਗਏ ਸਨ। ਇਕ ਮਿੰਟ ਜਥੇ ਨੂੰ ਖੜਾ ਕਰ ਕੇ ਝੱਬਰ ਨੇ ਲੈਕਚਰ ਕੀਤਾ ਤੇ ਆਖਿਆ, "ਖਾਲਸਾ ਜੀ, ਇਥੋਂ ਸਾਂਦਲ ਬਾਰ ਬਹੁਤ ਦੂਰ ਹੈ ਤੇ ਸਾਨੂੰ ਭੱਜਿਆਂ ਕਿਸੇ ਜਾਣ ਨਹੀਂ ਦੇਣਾ। ਜੇ ਹੁਣ ਨਾ ਲੜੀਏ ਤਾਂ ਸਿੱਖੀ ਨੂੰ ਲਾਜ ਲਗੇਗੀ, ਇਸ ਮੌਤ ਨੇ ਇਕ ਦਿਨ ਜ਼ਰੂਰ ਆਉਣਾ ਹੈ। ਜੇ ਸਾਡੀ ਮੌਤ ਇਥੇ ਹੀ ਲਿਖੀ ਹੋਈ ਹੈ ਤਾਂ ਆਓ, ਇਸ ਧਰਮ-ਯੁਧ ਵਿਚ ਸਨਮੁਖ ਹੋ ਕੇ ਸੀਸ ਦੇਈਏ ਤੇ ਸ਼ਹੀਦੀ ਪ੍ਰਾਪਤ ਕਰੀਏ।"

'ਸਤਿ ਸ੍ਰੀ ਅਕਾਲ' ਦਾ ਜੈਕਾਰਾ ਛਡਿਆ ਗਿਆ। ਜੈਕਾਰਾ ਛਡਣ ਦੀ ਦੇਰ ਸੀ ਕਿ ਜੁਆਨਾਂ ਨੇ ਚੁੰਗੀਆਂ ਭਰੀਆਂ, ਕਿਰਪਾਨਾਂ ਲਿਸ਼ਕੀਆਂ ਅਤੇ ਜਥਾ ਭਜ ਕੇ ਮੁਸਲਮ ਹਜੂਮ ਉਤੇ ਟੁਟ ਪਿਆ। ਜਥਾ ਅਜੇ ਪੰਦਰ੍ਹਾਂ ਵੀਹ ਕਦਮ ਦੀ ਵਿਥ ਤੇ ਸੀ ਕਿ ਨਵਾਬ ਮੁਹੰਮਦ ਨਿਵਾਜ਼ ਦੀ ਧਾੜ ਢੋਲ ਸੁਟ ਕੇ ਭਜ ਉਠੀ। ਝੱਬਰ ਨੇ ਜਥੇਦਾਰਾਂ ਨੂੰ ਉਚੀ ਆਖਿਆ, "ਜਥਾ ਰੋਕ ਦਿਓ।" ਉਧਰੋਂ ਸੌ ਸਿਪਾਹੀ ਪੁਲਸ ਦਾ ਭੀ ਆ ਗਿਆ। ਪੁਲਸ ਕਪਤਾਨ ਤੇ ਡਿਪਟੀ ਕਮਿਸ਼ਨਰ ਵੀ ਨਾਲ ਸੀ। ਜਥੇ ਨੂੰ ਰੋਕ ਲਿਆ ਗਿਆ ਸੀ। ਮੁਸਲਮਾਨ ਭਜ ਕੇ ਅਧ ਮੀਲ ਤੇ ਜਾ


www.AKJ.Org

ਖਲੋਤੇ ਤਾਂ ਝੱਬਰ ਨੇ ਆਖਿਆ, "ਖਾਲਸਾ ਜੀ, ਸਾਰੇ ਦੀਵਾਨ ਵਿਚ ਚਲੋ। ਡਿਪਟੀ ਕਮਿਸ਼ਨਰ ਤੇ ਪੁਲਸ ਕਪਤਾਨ ਸਾਹਿਬ ਤੁਸੀਂ ਭੀ ਆਓ ਤੇ ਝੱਬਰ ਦਾ ਲੈਕਚਰ ਸੁਣੋ।" ਸਾਰੇ ਦੀਵਾਨ ਵਿਚ ਆ ਗਏ ਤੇ ਦੀਵਾਨ ਸਜ ਗਿਆ।

ਝੱਬਰ ਨੇ ਲੈਚਚਰ ਸ਼ੁਰੂ ਕੀਤਾਂ : (ਸਾਹਮਣੇ ਡਿਪਟੀ ਕਮਿਸ਼ਨਰ ਤੇ ਪੁਲਸ ਕਪਤਾਨ ਖਲੋਤੇ ਸਨ) "ਡਿਪਟੀ ਕਮਿਸ਼ਨਰ ਸਾਹਿਬ ਬਹਾਦਰ, ਔਰ ਪੁਲਸ ਕਪਤਾਨ ਸਾਹਿਬ! ਮੈਂ ਤੁਹਾਡੇ ਪਾਸੋਂ ਦੋ ਗੱਲਾਂ ਪੁਛਦਾ ਹਾਂ। ਨਵਾਬ ਸਾਹਿਬ ਮੁਹੰਮਦ ਨਿਵਾਜ਼ ਨੇ ਆਪਣੇ ਚੁਰਾਸੀ ਪਿੰਡਾਂ ਦੇ ਆਦਮੀਆਂ ਨੂੰ ਲਿਖਤੀ ਹੁਕਮ ਦੇ ਕੇ ਇਥੇ ਬੁਲਾਇਆ ਹੈ। ਪਿੰਡੋਂ ਚੜ੍ਹਦੇ ਪਾਸੇ ਮੁਸਲਮਾਨਾਂ ਦਾ ਕੈਂਪ ਹੈ ਅਤੇ ਕਈ ਸੈਂਕੜੇ ਦੁੰਬੇ ਤੇ ਬਕਰੇ ਲੋਕਾਂ ਦੇ ਘਰਾਂ ਤੋਂ ਲਿਆਂਦੇ ਨੇ। ਸਾਡੇ ਨਾਲ ਮੁਕਾਬਲਾ ਕਰਨ ਵਾਸਤੇ ਵੀਹ ਹਜ਼ਾਰ ਦਾ ਇਕੱਠ ਹੈ। ਸਾਡੇ ਤੇ ਉਨ੍ਹਾਂ ਦੇ ਕੈਂਪਾਂ ਦੀ ਡੇਢ ਮੀਲ ਦੀ ਵਿਥ ਹੈ। ਉਹ ਪਿੰਡ ਦੇ ਚੜ੍ਹਦੇ ਤੇ ਅਸੀਂ ਲਹਿੰਦੇ ਹਾਂ। ਮੁਸਲਮਾਨਾਂ ਦੀ ਹਾਜ਼ਰੀ, ਮੇਰੇ ਖਿਆਲ ਵਿਚ, ਦਸ ਬਾਰਾਂ ਹਜ਼ਾਰ ਦੀ ਹੈ। ਉਹ ਸਾਡੇ ਤੇ ਹਥਿਆਰ-ਬੰਦ ਹੋ ਕੇ ਢੋਲ ਮਾਰ ਕੇ ਲੜਨ ਲਈ ਚੜ੍ਹ ਕੇ ਆਏ ਹਨ। ਤੁਸੀਂ ਜ਼ਿਲੇ ਦੇ ਵਡੇ ਹਾਕਮ ਇਥੇ ਮੌਜੂਦ ਸਉ। ਕੀ ਤੁਹਾਨੂੰ ਸਾਡੇ ਤੇ ਇਹ ਹਮਲਾ ਹੋਣ ਦਾ ਪਤਾ ਨਹੀਂ ਲਗਾ? ਜੇ ਪਤਾ ਨਹੀਂ ਲਗਾ ਤਾਂ ਫਿਰ ਤੁਹਾਡੀ ਸੁਸਤੀ ਹੈ। ਤੇ ਜੇ ਤੁਹਾਨੂੰ ਪਤਾ ਸੀ, ਤਾਂ ਤੁਸੀਂ ਸਾਨੂੰ ਸਿੱਖਾਂ ਤੇ ਮੁਸਲਮਾਨਾਂ ਨੂੰ ਲੜਾ ਕੇ ਤਮਾਸ਼ਾ ਦੇਖਣਾ ਚਾਹੁੰਦੇ ਸੀ। ਮੁਸਲਮਾਨਾਂ ਦੀ ਖੁਸ਼-ਸਕਿਮਤੀ ਹੈ, ਉਹ ਬਚ ਗਏ ਨੇ। ਜੇ ਉਹ ਨਾ ਭਜਦੇ, ਤਾਂ ਪਤਾ ਨਹੀਂ ਇਥੇ ਕਿੰਨੇ ਕਤਲ ਹੁੰਦੇ? ਇਹ ਜ਼ਿੰਮੇਵਾਰੀ ਤੁਹਾਡੀ ਸੀ। ਤੁਹਾਨੂੰ ਇਹ ਤਮਾਸ਼ਾ ਬਹੁਤ ਮਹਿੰਗਾ ਪੈਣਾ ਸੀ। ਅਛਾ ਹੋਇਆ, ਨਵਾਬ ਸਾਹਿਬ ਦੀ ਫੌਜ, ਕੰਡ ਵਿਖਾ ਕੇ ਭਜ ਗਈ ਤੇ ਬਚ ਗਈ।"

ਆਪਣੇ ਭਾਸ਼ਨ ਨੂੰ ਜਾਰੀ ਰਖਦਿਆਂ ਹੋਇਆਂ ਝੱਬਰ ਨੇ ਕਿਹਾ: "ਅਗੋਂ ਵਾਸਤੇ ਮੈਂ ਐਲਾਨ ਕਰਦਾ ਹਾਂ ਕਿ ਸਾਡੇ ਕੈਂਪ ਦੇ ਨੇੜੇ ਅਥਵਾ ਗੁਰਦਵਾਰੇ ਦੀ ਜ਼ਮੀਨ ਵਿਚ ਕੋਈ ਮੁਸਲਮਾਨ ਨਾ ਆਵੇ। ਅਗਰ ਕੋਈ ਆਇਆ ਤੇ ਕਤਲ ਹੋ ਗਿਆ ਤਾਂ ਮੈਂ ਕੋਈ ਜ਼ਿੰਮੇਵਾਰ ਨਹੀਂ ਹੋਵਾਂਗਾ। ਦੂਜਾ, ਮੈਂ ਨਵਾਬ ਸਾਹਿਬ ਉਤੇ ਦੋ ਇਲਜ਼ਾਮ ਲਾਂਦਾ ਹਾਂ। ਪਹਿਲਾ ਇਹ ਕਿ ਉਹ ਖ਼ੁਦਾ-ਪ੍ਰਸਤ ਮੁਸਲਮਾਨ ਹੋ ਕੇ ਮਹੰਤ ਪ੍ਰਕਾਸ਼ਾ ਨੰਦ ਤੋਂ ਮੜੀ ਦੀ ਪੂਜਾ ਦਾ ਅੱਧ ਮੰਗਦਾ ਸੀ, ਜੋ ਮੁਸਲਮਾਨਾਂ ਦੀ ਸ਼ਰ੍ਹਾ ਦੇ ਕਾਨੂੰਨ ਦੇ ਸਖਤ ਖਿਲਾਫ ਹੈ। ਮੁਹੰਮਦ ਨਿਵਾਜ਼ ਭਾਵੇਂ ੮੪ ਪਿੰਡਾਂ ਦਾ ਜਗੀਰਦਾਰ ਹੈ, ਪਰ ਦਿਲ ਦਾ ਬਹੁਤ ਭੁਖਾ ਹੈ। ਦੂਜਾ ਮੁਹੰਮਦ ਨਿਵਾਜ਼ ਕਾਇਰ ਆਦਮੀ ਹੈ। ਉਹ ਗਰੀਬ ਮੁਸਲਮਾਨਾਂ ਨੂੰ ਸਾਡੇ ਤੇ ਹਮਲਾ ਕਰਨ ਵਾਸਤੇ ਹੁਕਮ ਦੇ ਕੇ ਆਪ ਲਾਹੌਰ ਜਾ ਵੜਿਆ, ਇਸ ਵਾਸਤੇ ਕਿ ਕਤਲ ਦੇ ਪਰਚੇ ਵਿਚ ਉਸ ਦਾ ਨਾਮ ਨਾ ਆਵੇ। ਜੇ ਉਹ ਮਰਦ ਹੁੰਦਾ ਤਾਂ ਲਾਹੌਰ ਨਾ ਜਾਂਦਾ।" ਇਸ ਸਮੇਂ ਜਥੇ ਵਿਚੋਂ ਭਾਈ ਬਹਾਦਰ ਸਿੰਘ ਮਸਤਾਨੇ ਨੇ ਉਠ ਕੇ ਆਖਿਆ, "ਅਸੀਂ ਇਥੇ ਇਸ ਨਵਾਬ ਨਾਲ ਮੋਰਚਾ ਲਾ ਦਿਆਂਗੇ।"

ਝੱਬਰ ਨੇ ਕਿਹਾ, "ਨਹੀਂ ਨਹੀਂ, ਖਾਲਸੇ ਦੇ ਮੋਰਚੇ ਬਾਦਸ਼ਾਹਾਂ ਨਾਲ ਲਗਦੇ ਹਨ। ਇਹ ਕੰਗਾਲ ਮੁਹੰਮਦ ਨਿਵਾਜ਼ ਖਾਲਸੇ ਦਾ ਮੁਕਾਬਲਾ ਨਹੀਂ ਕਰ ਸਕਦਾ। ਇਸ ਨਾਲ ਮੋਰਚਾ ਲਾਣ ਦੀ ਕੋਈ ਲੋੜ ਨਹੀਂ।"

ਤਰਕਾਲਾਂ ਵੇਲੇ ਇਕ ਸੀ.ਆਈ.ਡੀ. ਥਾਣੇਦਾਰ ਨੇ ਝੱਬਰ ਨੂੰ ਇਤਲਾਹ ਦਿਤੀ ਕਿ ਰਾਤ ਨੂੰ ਤੁਹਾਡੇ ਉਤੇ ਪਿੰਡ ਵਿਚੋਂ ਹਮਲਾ ਹੋਵੇਗਾ, ਤੁਸੀਂ ਆਪਣਾ ਇੰਤਜ਼ਾਮ ਕਰ ਲੈਣਾ। ਝੱਬਰ ਨੇ ਕੈਂਪ ਦੇ ਚਾਰ ਚੁਫੇਰੇ ਦਸ ਦਸ ਸਿੰਘਾਂ ਦੇ ਜਥੇ ੩੦-੩੦ ਕਦਮ ਤੇ ਖੜੇ ਕਰ ਦਿਤੇ, ਅਤੇ ਪੰਦਰ੍ਹਾਂ ਪੰਦਰ੍ਹਾਂ ਮਿੰਟ ਬਾਅਦ ਇਕ ਇਕ ਜਥੇ ਨੂੰ ਜੈਕਾਰਾ ਗਜਾਣ ਵਾਸਤੇ ਆਖਿਆ। ਏਸੇ ਤਰ੍ਹਾਂ ਜਥੇ ਸਾਰੀ ਰਾਤ ਜੈਕਾਰੇ ਛਡਦੇ ਰਹੇ ਤਾਂ ਸਵੇਰੇ ਉਸੇ ਠਾਣੇਦਾਰ ਨੇ ਝੱਬਰ ਨੂੰ ਦਸਿਆ, "ਉਹਨਾਂ ਤੁਹਾਡੇ ਤੇ ਕੀ ਹਮਲਾ ਕਰਨਾ ਸੀ, ਉਹ ਤੇ ਸਾਰੇ ਪਿੰਡ ਛਡ ਕੇ ਕੈਂਪ ਵਿਚ ਜਾ ਵੜੇ ਸਨ।"

ਪੰਜ ਵਜੇ ਭੋਗ ਪੈ ਗਿਆ, ਤੇ ਮੇਲਾ ਅਮਨ ਅਮਾਨ ਨਾਲ ਖਤਮ ਹੋ ਗਿਆ। ਸੰਗਤਾਂ ਘਰੋ ਘਰੀਂ ਚਲੀਆਂ ਗਈਆਂ। ਝੱਬਰ ਦੇ ਪਾਸ ਇਕ ਥਾਣੇਦਾਰ ਨੇ ਆ ਕੇ ਪੁਛਿਆ: "ਤੁਸੀਂ ਨਹੀਂ ਗਏ?" ਉਤਰ ਵਿਚ


[ਬਾਕੀ ਸਫਾ ੨੫ ਹੇਠ]

www.AKJ.Org

# ਜਿਤੁ ਸਬਦਿ ਜਗਤੁ ਥੰਮਿ੍ ਰਹਾਇਆ

[ਸੂਬੇਦਾਰ ਧਰਮ ਸਿੰਘ ਜੀ ਸੂਜੋਂ, ਲਸਿਸਟਰ ਯੂ. ਕੇ.]

ਰਾਤ ਸਮੇਂ ਅਸੀਂ ਜਿਤਨੇ ਭੀ ਤਾਰੇ ਅਸਮਾਨ ਵਿਖੇ ਵੇਖਦੇ ਹਾਂ, ਇਹ ਸਾਰੇ ਹੀ ਜਾਂ ਤਾਂ ਸੂਰਜ ਦੇ ਸਮਾਨ ਹਨ ਜਾਂ ਆਕਾਰ ਵਿਚ ਇਸ ਤੋਂ ਭੀ ਬਹੁਤ ਵੱਡੇ ਹੋਨ। ਇਹ ਸਾਥੋਂ ਬਹੁਤ ਜ਼ਿਆਦਾ ਦੂਰ ਸਥਿਤ ਹੋਣ ਕਰਕੇ ਬਹੁਤ ਛੋਟੇ ਨਜ਼ਰ ਆਉਂਦੇ ਹਨ। ਸਭ ਤੋਂ ਨਜ਼ਦੀਕੀ ***Proxima Centauri*** ਨਾਮੇ ਤਾਰਾ ਸਾਥੋਂ ੫੬੦ ਖ਼ਰਬ ਮੀਲ ਦੀ ਵਿੱਥ ਤੇ ਹੈ, ਜਦੋਂ ਕਿ ਸੂਰਜ ਸਾਥੋਂ ਸਿਰਫ ਨੌਂ ਕਰੋੜ ਤੀਹ ਲੱਖ ਮੀਲ ਦੇ ਫਾਸਲੇ ਤੇ ਹੀ ਹੈ। ਸਾਡੀ ਮਿਲਕੀ-ਵੇ ਨਾਮੇ ਆਕਾਸ਼-ਗੰਗਾ ਵਿਚ ਐਸੇ ਇਕ ਖ਼ਰਬ ਤਾਰੇ ਹਨ ਤੇ ਆਕਾਸ਼ ਵਿਚ ਐਸੀਆਂ ਲੱਖਾਂ ਹੀ ਆਕਾਸ਼-ਗੰਗਾਵਾਂ ਹਨ੍। ਸਾਰੇ ਹੀ ਤਾਰੇ ਤੇ ਆਕਾਸ਼-ਗੰਗਾਵਾਂ ਆਪਣੇ ਆਪਣੇ ਗ੍ਰਹਿ-ਪੰਧ ਤੇ ਬਹੁਤ ਹੀ ਤੇਜ਼ ਰਫਤਾਰੀ ਨਾਲ ਉਡੇ ਜਾ ਰਹੇ ਹਨ। ਇਨਸਾਨ ਦੇ ਬਣਾਏ ਹੋਏ ਹਵਾਈ ਜਹਾਜ਼ ਆਕਾਸ਼ ਵਿਚ ਆਪੋ ਵਿਚ ਟਕਰਾ ਕੇ ਤਬਾਹ ਹੁੰਦੇ ਤਾਂ ਦੇਖੇ ਗਏ ਹਨ, ਪਰ ਕੁਦਰਤ ਦੇ ਨਜ਼ਾਮ (ਪ੍ਰਬੰਧ) ਵਿਚ ਖਰਬਾਂXਅਰਬਾਂ ਤਾਰੇ ਉਡਦੇ ਹੋਏ ਆਪਸ ਵਿਚ ਟਕਰਾ ਕੇ ਤਬਾਹ ਹੁੰਦੇ ਕਦੇ ਦੇਖੇ ਸੁਣੇ ਨਹੀਂ ਗਏ। ਕੁਦਰਤ ਦੀ ਉਹ ਕਿਹੜੀ ਤਾਕਤ ਹੈ ਜਿਸ ਕਾਰਨ ਕੋਈ ਇਕ ਭੀ ਤਾਰਾ ਆਪਣੇ ਗ੍ਰਹਿ-ਪੰਧ ਤੋਂ ਰੱਤੀ ਭਰ ਭੀ ਨਹੀਂ ਭਟਕਦਾ।

ਇਸ ਅਨੋਖੀ ਬੁਝਾਰਤ ਨੂੰ ਬੁੱਝਣ ਲਈ ਸਾਨੂੰ ਕੁਦਰਤ ਵੱਲ ਬਹੁਤ ਨੇੜੇ ਹੋ ਕੇ ਤੱਕਣਾ ਪਏਗਾ। ਅਕਾਲ ਪੁਰਖ ਤੋਂ ਕੁਦਰਤ ਦੇ ਪਸਾਰੇ ਦਾ ਜ਼ਿਕਰ ਸੰਖੇਪ ਵਿਚ ਇਸ ਪ੍ਰਕਾਰ ਹੈ ਕਿ ਨਿਰੰਕਾਰ ਇਕ ਜੀਊਂਦੀ ਜਾਗਦੀ ਅਚੱਲ ਬੇਅੰਤ ਸ਼ਕਤੀ ਹੈ। ਜਦੋਂ ਕਿਤੇ ਇਹ ਅਚੱਲ ਸ਼ਕਤੀ (***Potential Energy***) ਹਰਕਤ ਕਰਦੀ ਹੈ ਤਾਂ ਇਸ ਦੇ ਬਲ ਦਾ ਪ੍ਰਗਟਾਵਾ ਬਿਜਲਈ ਚੁੰਭਕੀ ਲਹਿਰਾਂ ਦੀ ਸ਼ਕਲ ਵਿਚ ਹੁੰਦਾ ਹੈ। ਇਨ੍ਹਾਂ ਲਹਿਰਾਂ ਦੀ ਥਰ-ਥਰਾਹਟ ਦਾ ਜ਼ਹੂਰ, ਨੂਰ, ਰੌਸ਼ਨੀ ਜਾਂ ਜੋਤਿ ਦੀ ਸ਼ਕਲ ਵਿਚ ਹੁੰਦਾ ਹੈ। ਇਸੀ ਕਾਰਨ ਅਕਾਲ ਪੁਰਖ ਨੂੰ ਜੋਤੀ-ਸਰੂਪ ਭੀ ਆਖਦੇ ਹਨ। ਚੂੰਕਿ ਇਹ ਜੀਊਂਦੀ ਜਾਗਦੀ ਹਸਤੀ ਨਿਰੰਕਾਰ ਦਾ ਆਪਣਾ ਜ਼ਹੂਰ ਹੈ, ਇਸੀ ਕਰਕੇ ਕਲਗੀਧਰ ਜੀ ਨੇ ਇਸ ਨੂੰ ਜਾਗਤ-ਜੋਤਿ ਆਖਿਆ ਹੈ। ਬਿਜਲਈ ਚੁੰਭਕੀ ਲਹਿਰਾਂ ਤੋਂ ਜਿਥੇ ਜੋਤਿ ਦਾ ਪ੍ਰਕਾਸ਼ ਹੁੰਦਾ ਹੈ, ਉਥੇ ਹੀ ਇਸ ਦੀ ਥਰ-ਥਰਾਹਟ ਤੋਂ ਆਵਾਜ਼ (***Sound***) ਭੀ ਪੈਦਾ ਹੁੰਦੀ ਹੈ। ਇਹ ਆਵਾਜ਼ 'ਵਾਹਿਗੁਰੂ' ਸ਼ਬਦ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਪ੍ਰਤੀ ਜੋ ਗੁਰ-ਮੰਤ੍ਰ ਬਖਸ਼ਿਸ਼ ਕੀਤਾ, ਉਹ ਇਹੋ 'ਵਾਹਿਗੁਰੂ' ਸ਼ਬਦ ਹੈ। ਇਸ ਲਈ ਬਿਜਲਈ ਚੁੰਭਕੀ ਲਹਿਰਾਂ ਦੀ ਥਰ-ਥਰਾਹਟ ਤੋਂ ਪੈਦਾ ਹੋਈ ਆਵਾਜ਼ 'ਵਾਹਿਗੁਰੂ' ਨੂੰ ਭੀ ਨਾਮ ਜਾਂ ਸ਼ਬਦ ਆਖ ਕੇ ਹੀ ਪੁਕਾਰਿਆ ਜਾਂਦਾ ਹੈ। ਜੋਤਿ ਅਤੇ ਨਾਮ, ਅਕਾਲ ਪੁਰਖ ਦੀ ਸ਼ਕਤੀ ਦੇ ਪ੍ਰਗਟਾਵੇ ਦੇ ਦੋ ਵਖੋ ਵੱਖ ਰੂਪ ਹਨ, ਜਦੋਂ ਕਿ ਇਹਨਾਂ ਦਾ ਮੂਲ, ਬਿਜਲਈ ਚੁੰਭਕੀ ਲਹਿਰਾਂ ਹਨ, ਨਾ ਕਿ ਕੋਈ ਇਕ ਲਫ਼ਜ਼ ਜਾਂ ਅੱਖਰ।

ਨਾਮ ਕੇ ਧਾਰੇ ਖੰਡ ਬ੍ਰਹਮੰਡ ॥੫॥੧੬॥ (ਸੁਖਮਨੀ ਸਾਹਿਬ)

ਸੁਖਮਨੀ ਸਾਹਿਬ ਵਿਚ 'ਨਾਮ' ਤੋਂ ਬ੍ਰਹਮੰਡਾਂ ਦੀ ਉਤਪਤੀ ਦਾ ਜ਼ਿਕਰ ਮਿਲਦਾ ਹੈ। ਸਾਇੰਸ ਉਪਰ ਦਿਤੇ ਹੁਕਮਨਾਮੇ ਦੀ ਪੁਸ਼ਟੀ ਕਰਦੀ ਹੈ ਕਿ ਸ਼ਕਤੀ, ਪ੍ਰਕਿਰਤੀ ਵਿਚ ਬਦਲ ਕੇ ਬ੍ਰਹਮੰਡ ਦੀ ਸ਼ਕਲ ਇਖ਼ਤਿਆਰ ਕਰਦੀ ਹੈ। ਗੁਰਬਾਣੀ ਇਸ ਸਿਧਾਂਤ ਨੂੰ ਸਪੱਸ਼ਟ ਕਰਦੀ ਹੈ ਕਿ ਇਕ 'ਸ਼ਬਦ' ਤੋਂ ਪ੍ਰਭੂ ਦੀ ਰਚੀ ਹੋਈ ਸਭ ਰਚਨਾ ਹੋਂਦ ਵਿਚ ਆਈ ਹੈ :—

ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥
ਵਣ ਤ੍ਰਿਣ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥
ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥੧॥ (ਮਾਰੂ ਮ: ੫–੧੦੦੩)

ਸਿਧ ਹੁੰਦਾ ਹੈ ਕਿ ਨਾਮ ਇਕ ਸ਼ਕਤੀ ਹੈ।



www.AKJ.Org

ਜੋ ਬ੍ਰਹਮੰਡ ਖੰਡਿ ਸੋ ਜਾਣਹੁ ॥੧੪॥ (ਪੰਨਾ ੧੦੪੧)

ਹਲਕਾ ਪਦਾਰਥ, ਭਾਰੀ ਪਦਾਰਥ ਦੇ ਗਿਰਦ ਘੁੰਮਦਾ ਹੈ । ਚੰਨ ਜ਼ਮੀਨ ਦੇ, ਜ਼ਮੀਨ ਸੂਰਜ ਦੇ ਤੇ ਸੂਰਜ ਆਕਾਸ਼-ਗੰਗਾ ਦੇ ਧੁਰੇ ਦੇ ਗਿਰਦ ਘੁੰਮਦਾ ਹੈ । ਬ੍ਰਹਮੰਡ ਦੇ ਵਿਸਥਾਰ ਵਲ ਜਾਈਏ ਤਾਂ ਸੂਰਜ ਤੋਂ ਅਗੇ ਅਰਬਾਂ ਹੀ ਆਕਾਸ਼-ਗੰਗਾਵਾਂ ਹਨ ਅਤੇ ਇਕ ਇਕ ਆਕਾਸ਼-ਗੰਗਾ ਵਿਚ ਖ਼ਰਬਾਂ ਹੀ ਸੂਰਜ-ਮੰਡਲ ਹਨ । ਬ੍ਰਹਮੰਡ ਦੇ 'ਖੰਡ' ਭਾਵ ਪ੍ਰਮਾਣੂ ਵਲ ਜਾਈਏ ਤਾਂ ਇਸ ਦੀ ਖੰਡਤਾ ਭੀ ਹੈਰਾਨਗੀ ਭਰਪੂਰ ਹੈ ।

ਕੁਦਰਤ ਦਾ ਇਕ ਨਿਯਮ ਹੈ ਕਿ ਹਰ ਵੱਡਾ ਪਦਾਰਥ ਛੋਟੇ ਪਦਾਰਥ ਨੂੰ ਆਪਣੇ ਵਲ ਖਿਚ ਰਿਹਾ ਹੈ । ਮਸ਼ਹੂਰ ਸਾਇੰਸਦਾਨ ਮਿਸਟਰ ਆਇੰਸਟਾਈਨ ਦੀ ਸੰਨ ੧੯੧੫ ਵਿਚ ਪੇਸ਼ ਕੀਤੀ ਜਨਰਲ ਰੈਲੇਟਿਵਟੀ ਥੀਊਰੀ (General Relativety) ਅਨੁਸਾਰ ਕਿਸੇ ਵੱਡੇ ਪਦਾਰਥ (Mass) ਦੀ ਖਿਚ ਦੇ ਖੇਤਰ (Gravitational Field) ਦੇ ਅੰਦਰ ਕੋਈ ਉਸ ਤੋਂ ਹਲਕਾ ਪਦਾਰਥ ਉਡ ਰਿਹਾ ਹੋਵੇ ਤਾਂ ਉਸ ਛੋਟੇ ਪਦਾਰਥ ਨੂੰ ਆਪਣੇ ਕੇਂਦਰ ਵਲ ਖਿੱਚ, ਉਸ ਨੂੰ ਸਿਧੇ ਰਸਤੇ ਜਾਂਦੇ ਹੋਏ ਨੂੰ, ਆਪਣੇ ਵਲ ਨੂੰ ਮੋੜ ਦਿੰਦਾ ਹੈ । ਇਸ ਸਿਧਾਂਤ ਅਨੁਸਾਰ ਹਲਕਾ ਪਦਾਰਥ ਵਡੇ ਪਦਾਰਥ ਦੇ ਗਿਰਦ ਚੱਕਰ ਵਿਚ ਘੁੰਮਣ ਲਗ ਜਾਂਦਾ ਹੈ, ਜਿਸ ਨੂੰ orbit ਆਖਦੇ ਹਾਂ । ਇਸੀ ਸਿਧਾਂਤ ਅਨੁਸਾਰ ਚੰਦ, ਜ਼ਮੀਨ ਦੇ ਗਿਰਦ ਤੇ ਜ਼ਮੀਨ ਸੂਰਜ ਦੇ ਗਿਰਦ ਚਕਰ ਕਟਦੀ ਹੈ । ਇਹ ਨਿਯਮ ਸਾਰੇ ਹੀ ਸੰਸਾਰ ਵਿਚ ਛੋਟੇ ਐਟਮ ਤੋਂ ਲੈ ਕੇ ਵਡੀਆਂ ਵਡੀਆਂ ਆਕਾਸ਼-ਗੰਗਾਵਾਂ ਤਕ ਸਭ ਤੇ ਇਕ-ਸਾਰ ਲਾਗੂ ਹੈ ।

ਪਦਾਰਥਕ ਖਿੱਚ (Gravity) ਇਕ ਕਮਜ਼ੋਰ ਸ਼ਕਤੀ ਹੈ । ਹਲਕੇ ਪਦਾਰਥਾਂ ਵਿਚ ਇਸ ਦੇ ਅਸਰ ਦਾ ਪਤਾ ਨਹੀਂ ਲਗਦਾ । ਭਾਰੀ ਪਦਾਰਥਾਂ ਦੀ ਖਿਚ ਵੇਲੇ ਹੀ ਇਸ ਦੀ ਹੋਂਦ ਦਾ ਪਤਾ ਚਲਦਾ ਹੈ । ਗ੍ਰਹ ਵਿਚ ਜਿਤਨਾ ਜ਼ਿਆਦਾ ਪਦਾਰਥ (Mass) ਹੁੰਦਾ ਹੈ ਉਤਨੀ ਜ਼ਿਆਦਾ ਹੀ ਉਸਦੀ ਖਿਚ-ਸ਼ਕਤੀ ਹੈ । ਜ਼ਮੀਨ, ਚੰਦ ਤੋਂ ਛੇ ਗੁਣਾ ਭਾਰੀ ਹੈ । ਜਿਸ ਆਦਮੀ ਦਾ ਵਜ਼ਨ ਜ਼ਮੀਨ ਤੇ ੬੦ ਕਿਲੋ ਹੈ, ਉਸ ਦਾ ਵਜ਼ਨ ਚੰਦ ਉਪਰ ੧੦ ਕਿਲੋ ਹੋਵੇਗਾ । ਜੁਪੀਟਰ ਗ੍ਰਹ ਜ਼ਮੀਨ ਤੋਂ ੨੬੪ ਗੁਣਾ ਭਾਰੀ ਹੈ, ਉਥੇ ਉਸੀ ਆਦਮੀ ਦਾ ਵਜ਼ਨ ੧੫੮੪੦ ਕਿਲੋ ਜਾਂ ਲਗ ਪਗ ਸੋਲ੍ਹਾਂ ਟਨ ਹੋਵੇਗਾ । ਸੂਰਜ ਉਪਰ ੧੮੦੦੦ ਟਨ ਤੇ ਸੁਪਰ ਜਾਇੰਟ ਸਟਾਰ, ਜੋ ਸੂਰਜ ਤੋਂ ਢਾਈ ਕਰੋੜ ਗੁਣਾ ਜ਼ਿਆਦਾ ਭਾਰੀ ਹੁੰਦੇ ਹਨ, ਉਥੇ ਸਾਡਾ ਵਜ਼ਨ ਸਾਢੇ ਚਾਰ ਖ਼ਰਬ ਟਨ ਹੋਵੇਗਾ ।

ਕੁਦਰਤ ਦੀ ਰਚਨਾ ਕਿਤਨੀ ਅਦਭੁਤ ਹੈ, ਜਿਸ ਨੇ ਸਾਡਾ ੬੦ ਕਿਲੋ ਵਜ਼ਨ ਸੁਪਰ ਜਾਇੰਟ ਸਟਾਰ ਤੇ ਸਾਢੇ ਚਾਰ ਖ਼ਰਬ ਟਨ ਬਣਾ ਕੇ ਰਖ ਦਿੱਤਾ । ਇਸ ਕਰਾਮਾਤ ਦਾ ਨਾਮ ਹੈ ਪਦਾਰਥਕ ਖਿੱਚ ।

ਆਓ ਹੁਣ ਜ਼ਰਾ ਪਿਛੇ ਨੂੰ ਮੁੜੀਏ ਤੇ ਦੇਖੀਏ ਕਿ ਇਤਨੀ ਬੇ-ਓੜਕੀ ਖਿਚ-ਸ਼ਕਤੀ ਦਾ ਕੇਂਦਰ ਕਿਥੇ ਹੈ ? ਇਸੀ ਲੇਖ ਵਿਚ ਅਸੀਂ ਉਪਰ ਪੜ੍ਹ ਆਏ ਹਾਂ ਕਿ ਅਕਾਲ-ਪੁਰਖ ਨੇ 'ਨਾਮ ਸ਼ਕਤੀ' ਤੋਂ ਸੰਸਾਰ ਦੀ ਰਚਨਾ ਕੀਤੀ । ਸੰਸਾਰ ਦੀ ਰਚਨਾ ਦੇ ਸੰਗ ਸਾਥ ਹੀ ਇਸ ਵਿਚ ਕੰਮ ਕਰਦੀਆਂ ਚਾਰ ਬੁਨਿਆਦੀ ਤਾਕਤਾਂ ਦੀ ਰਚਨਾ ਭੀ ਇਸੀ 'ਨਾਮ-ਸ਼ਕਤੀ' ਤੋਂ ਹੋਈ । ਇਹ ਬੁਨਿਆਦੀ ਤਾਕਤਾਂ ਇਸ ਪ੍ਰਕਾਰ ਹਨ–

੧. ਇਲੈਕਟ੍ਰੋਮੈਗਨੈਟਿਕ ਸ਼ਕਤੀ (*Eletro-megnetic Force*)

੨. ਨੁਕਲੀਆਈ ਮਜ਼ਬੂਤ ਸ਼ਕਤੀ (*Nucleur Strong Force*)

੩. ਨੁਕਲੀਆਈ ਕਮਜ਼ੋਰ ਸ਼ਕਤੀ (*Nucleur Week Force*)

੪. ਪਦਾਰਥਕ ਸ਼ਕਤੀ (*Gravitation Force*)

ਅਗੋਂ ਸੰਸਾਰ ਦੀਆਂ ਸਾਰੀਆਂ ਹੀ ਤਾਕਤਾਂ ਇਨ੍ਹਾਂ ਚਹੁੰਆਂ ਬੁਨਿਆਦੀ ਤਾਕਤਾਂ ਤੋਂ ਜਾਂ ਇਨ੍ਹਾਂ ਦੇ ਸੁਮੇਲ ਤੋਂ ਪੈਦਾ ਹੁੰਦੀਆਂ ਹਨ ।

ਆਪ ਜੀ ਨੇ ਉਪਰ ਜਨਰਲ ਰੈਲੇਟਿਵਟੀ ਦੇ ਸਿਧਾਂਤ ਵਿਚ ਪੜ੍ਹਿਆ ਹੈ ਕਿ ਹਰ ਇਕ ਹਲਕਾ ਪਦਾਰਥ ਕਿਸੀ ਭਾਰੀ ਪਦਾਰਥ ਦੇ ਗਿਰਦ ਘੁੰਮਦਾ ਹੈ । ਇਹ ਕਿਰਿਆ, ਪਦਾਰਥਕ ਖਿਚ ਸ਼ਕਤੀ (*Gravitation*


www.AKJ.Org

*Force*) ਦੇ ਕਾਰਨ ਹੁੰਦੀ ਹੈ । ਇਹ ਖਿਚ-ਸ਼ਕਤੀ ਸ਼ਬਦ ਜਾਂ ਨਾਮ ਦੀ ਸ਼ਕਤੀ ਤੋਂ ਉਤਪੰਨ ਹੁੰਦੀ ਹੈ । ਇਸ ਲਈ ਸੰਸਾਰ ਅੰਦਰ, ਹਰ ਇਕ ਗ੍ਰਹਿ ਨੂੰ ਆਪਣੇ ਆਪਣੇ ਸਥਾਨ ਤੇ ਜਾਂ ਗ੍ਰਹਿ-ਪੰਧ ਤੇ ਕਾਇਮ ਰਖਣਾ ਇਸੀ ਸ਼ਬਦ ਜਾਂ ਨਾਮ-ਸ਼ਕਤੀ ਦਾ ਹੀ ਕੰਮ ਹੈ ।

ਸ਼ਬਦ ਜਾਂ ਨਾਮ-ਸ਼ਕਤੀ ਦੇ ਬ੍ਰਹਮੰਡ ਨੂੰ ਥੰਮ ਖਲੋ ਰਖਣ ਦਾ ਜ਼ਿਕਰ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ ''ਅਨਹਦ-ਸ਼ਬਦ ਦਸਮ-ਦੁਆਰ'' ਵਿਚ ਇਨ੍ਹਾਂ ਸ਼ਬਦਾਂ ਨਾਲ ਕੀਤਾ ਹੈ :

''ਇਹ ਗੱਲ ਇੰਨ ਬਿੰਨ ਸੋਲ੍ਹਾਂ ਆਨੇ ਸਹੀ ਹੈ ਕਿ ਸਾਰਾ ਬ੍ਰਹਿਮੰਡ ਹੀ ਇਸ ਸ਼ਬਦ ਦਾ ਥੰਮ੍ਹਿਆ ਹੋਇਆ ਬਿਸਮਾਦ ਅਡੋਲਤਾ ਵਿਚ, ਅਹਿਲ ਖਲੋਤਾ ਹੈ । '' [ਅਨਹਦ ਸ਼ਬਦ ਦਸਮ ਦੁਆਰ, ਪੰਨਾ ੧੦

ਇਹ ਸ਼ਬਦ ਓਹ ਹੀ ਹੈ, ਜਿਸ ਨੇ ਸਾਰੇ ਖੰਡਾਂ-ਬ੍ਰਹਿਮੰਡਾਂ ਨੂੰ ਥੰਮਿਆ ਹੋਇਆ ਹੈ । ਇਹ ਹੈ ਤੁਛ ਮਾਤਰ ਵਿਆਖਿਆ ਇਸ ਗੁਰ-ਫ਼ੁਰਮਾਨ ਦੀ ਕਿ :–

ਜਿਤੁ ਸਬਦਿ ਜਗਤੁ ਥੰਮਿ੍ ਰਹਾਇਆ ॥੪॥ (ਪੰਨਾ ੪੪੧)

---

[੨੨ ਸਫ਼ੇ ਦੀ ਬਾਕੀ]

ਝੱਬਰ ਨੇ ਕਿਹਾ, ''ਅਸੀਂ ਤਾਂ ਜਦ ਕੋਈ ਹੋਰ ਜਥਾ ਆਵੇਗਾ ਤਾਂ ਜਾਵਾਂਗੇ ।''

ਡਿਪਟੀ ਕਮਿਸ਼ਨਰ ਨੇ ਮੇਲੇ ਦੇ ਪ੍ਰਬੰਧਕ ਭਾਈ ਮੂਲ ਸਿੰਘ ਨੂੰ ਬੁਲਾ ਕੇ ਕਿਹਾ, ''ਭਾਈ, ਤੂੰ ਝੱਬਰ ਨੂੰ ਤੇ ਝੱਬਰ ਦੇ ਜਥੇ ਨੂੰ ਇਥੋਂ ਘਲ ਦੇ ।''

ਉਸ ਆਖਿਆ, ''ਜੀ ਮੈਨੂੰ ਖ਼ਤਰਾ ਹੈ, ਮੈਂ ਉਹਨਾਂ ਨੂੰ ਕਿਵੇਂ ਘਲਾਂ ?'' ਡਿਪਟੀ ਕਮਿਸ਼ਨਰ ਨੇ ਕਿਹਾ, ''ਹਮ ਇੰਤਜ਼ਾਮ ਕਰਤਾ ਹੈ ।'' ਡਿਪਟੀ ਕਮਿਸ਼ਨਰ ਨੇ ਵੀਹ ਸਿਪਾਹੀ, ਇਕ ਹਵਾਲਦਾਰ, ਇਕ ਮੁਨਸ਼ੀ, ਇਕ ਥਾਣੇਦਾਰ, ਇਕ ਕਾਰ ਖ਼ਾਸ ਵਾਲਾ, ਪੂਰੇ ਠਾਣੇ ਦੀ ਗਾਰਦ ਲਾ ਕੇ ਕੋਟ ਭਾਈ ਥਾਨ ਸਿੰਘ ਥਾਣਾ ਪਾ ਦਿਤਾ ਤੇ ਭਾਈ ਮੂਲ ਸਿੰਘ ਨੂੰ ਲਿਖ ਕੇ ਦੇ ਦਿਤਾ ਕਿ ਅਸੀਂ ਥਾਣਾ ਪਾ ਦਿਤਾ-ਹੈ, ਹੁਣ ਤੁਹਾਨੂੰ ਕੋਈ ਖ਼ਤਰਾ ਨਹੀਂ ।

ਹੁਣ ਭਾਈ ਮੂਲ ਸਿੰਘ ਅਤੇ ਇਕ ਥਾਣੇਦਾਰ ਝੱਬਰ ਪਾਸ ਆਏ ਤਾਂ ਭਾਈ ਮੂਲ ਸਿੰਘ ਨੇ ਕਿਹਾ, ''ਹੁਣ ਸਾਡਾ ਕੰਮ ਹੋ ਗਿਆ ਹੈ, ਸਾਹਿਬ ਨੇ ਇਥੇ ਠਾਣਾ ਪਾ ਦਿਤਾ ਹੈ, ਤੁਸੀਂ ਜਾ ਸਕਦੇ ਹੋ ।

ਝੱਬਰ ਨੇ ਕਿਹਾ, ''ਲਿਆਓ ਲਾਰੀਆਂ ।'' ਅਡੇ ਤੇ ਗਏ ਤਾਂ ਲਾਰੀ ਕੋਈ ਨਹੀਂ ਸੀ । ਦੋ ਲਾਰੀਆਂ ਪੁਲਸ ਦੀਆਂ ਸਨ, ਜਿਹੜੀਆਂ ਜਥੇ ਨੂੰ ਪੰਜਾ ਸਾਹਿਬ ਪਹੁੰਚਾਣ ਵਾਸਤੇ ਦਿਤੀਆਂ ਗਈਆਂ ਅਤੇ ਜਥਾ ਲਾਰੀਆਂ ਵਿਚ ਬੈਠ ਕੇ ਪੰਜੇ ਸਾਹਿਬ ਪੁਜ ਗਿਆ । ਪੰਜੇ ਸਾਹਿਬ ਇਕ ਦਿਨ ਠਹਿਰ ਕੇ ਸਾਰੇ ਜਥੇ ਨੇ ਥਕੇਵਾਂ ਲਾਹਿਆ । ਕਮੇਟੀ ਵਲੋਂ ਝੱਬਰ ਨੂੰ ਇਕ ਕਿਰਪਾਨ ਤੇ ਇਕ ਸ਼ਾਲ ਸਿਰੋਪਾਓ ਮਿਲਿਆ ਅਤੇ ਰਾਤ ਨੂੰ ਗਡੀ ਚੜ੍ਹ ਕੇ ਇਹ ਸਾਰੇ ਵਾਪਸ ਆ ਗਏ ।

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ] ੧੦-੦੦

| | |
|---|---|
| ਥੇਮਕੀ [ਦਸਤਾਰ] | ੨-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੨-੦੦ |
| ਤਉ ਕਿਉ ਮੁਰਗੀ ਮਾਰੈ [ਤਲਵਾੜਾ ਜੀ] | ੨-੦੦ |
| **HAIR—A Divine Gift** | 1-00 |
| **Dawn of Divine Wisdom** | 1-50 |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ |
| ਗੁਰਬਾਣੀ ਰਹਿਤਨਾਮਾ | ੧-੦੦ |
| ਸ੍ਰੀ ਭਗਉਤੀ ਪ੍ਰਬੋਧ[ਚੋਣਵੇਂ ਵਿਦਵਾਨਾਂ ਦੇ ਲੇਖ] | ੨-੦੦ |
| ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | ੧-੫੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੨-੦੦ |
| ਕੀ ਕੇਸ ਰਖਣੇ ਜ਼ਰੂਰੀ ਹਨ ? ,, | ੧-੦੦ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੧-੦੦ |
| ਗੁਰਮਤਿ ਅਨਹਦ ਸ਼ਬਦ ,, | ੧-੦੦ |
| ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੭੫ |
| ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੫੦ |
| ਜਬ ਲਗ ਖਾਲਸਾ ਰਹੈ ਨਿਆਰਾ ,, | ੧-੦੦ |
| ਖਾਲਸਾ ਜੀ ਦਾ ਗੁਰਮਤਿ ਆਦਰਸ਼ ,, | ੦-੭੫ |
| ਰਾਗਮਾਲਾ ਬਾਰੇ ਵਿਚਾਰ [ਉਘੇ ਵਿਦਵਾਨ] | ੧-੫੦ |


www.AKJ.Org

# ਮਥੈ ਟਿੱਕਾ

[ਲੇਖਕ—ਗੁਰਨਾਮ]

ਹਿੰਦੂ ਇਸਤ੍ਰੀਆਂ ਵਿਚ ਮੱਥੇ ਤੇ ਟਿੱਕਾ ਜਾਂ ਬਿੰਦੀ ਲਾਉਣੀ ਜਾਂ ਮੱਥੇ ਤੇ ਸੋਨੇ ਦਾ ਟਿੱਕਾ ਲਟਕਾਉਣਾ ਸ਼ਿੰਗਾਰ ਦਾ ਅੰਗ ਗਿਣਿਆ ਜਾਂਦਾ ਹੈ। ਉਹ ਮੱਥੇ ਤੇ ਟਿੱਕਾ ਲਾਉਣ ਨੂੰ ਸੁਹਾਗ ਦੀ ਨਿਸ਼ਾਨੀ ਸਮਝਦੀਆਂ ਹਨ, ਤੇ ਚਿਤ੍ਰਗੁਪਤ ਅਤੇ ਯਮ ਦੀ ਪੂਜਾ ਨੂੰ ਮੁੱਖ ਰੱਖ ਕੇ ਦਿਵਾਲੀ ਤੋਂ ਦੂਜੇ ਦਿਨ, ਅਰਥਾਤ, ਭਾਈ ਦੂਜ ਵਾਲੇ ਦਿਨ ਆਪਣੇ ਭਰਾਵਾਂ ਦੇ ਮੱਥੇ ਤੇ ਟਿੱਕਾ ਲਾ ਕੇ ਭੋਜਨ ਖਾਂਦੀਆਂ ਹਨ।

ਕੁੜਮਾਈ ਜਾਂ ਵਿਆਹ ਦੀ ਰਸਮ ਸਮੇਂ ਵੀ ਵਰ ਦੇ ਮੱਥੇ ਤੇ ਟਿੱਕਾ ਲਾਇਆ ਜਾਂਦਾ ਹੈ। ਜਦੋਂ ਰਾਜੇ ਦੀ ਮੌਤ ਤੋਂ ਬਾਅਦ ਉਸਦਾ ਪੁਤਰ ਗੱਦੀ ਤੇ ਬੈਠਦਾ ਹੈ ਤਾਂ ਉਸਦੇ ਵੀ ਮੱਥੇ ਤੇ ਟਿੱਕਾ ਲਾਉਣ ਦਾ ਰਿਵਾਜ ਹੈ। ਲੋਕਾਚਾਰੀ ਰੀਤੀ ਅਨੁਸਾਰ ਇਕ ਗੁਰੂ ਤੋਂ ਬਾਅਦ ਜਦੋਂ ਉਸਦਾ ਉਤਰ-ਅਧਿਕਾਰੀ ਗੱਦੀ ਤੇ ਬੈਠਦਾ ਹੈ ਤਾਂ ਉਸਦੇ ਵੀ ਟਿੱਕਾ ਲਾਇਆ ਜਾਂਦਾ ਹੈ। ਰਾਜ-ਗੱਦੀ ਜਾਂ ਗੁਰ-ਗੱਦੀ ਸਮੇਂ ਲਾਏ ਜਾਂਦੇ ਟਿੱਕੇ ਨੂੰ ਰਾਜ-ਤਿਲਕ ਜਾਂ ਗੱਦੀ-ਤਿਲਕ ਵੀ ਕਿਹਾ ਜਾਂਦਾ ਹੈ।

ਬ੍ਰਾਹਮਣ ਲੋਕ ਦੇਵ-ਪੂਜਾ ਨੂੰ ਮੁੱਖ ਰੱਖ ਕੇ ਟਿੱਕਾ ਜਾਂ ਤਿਲਕ ਲਾਉਂਦੇ ਹਨ। ਆਪੋ ਆਪਣੀ ਪੂਜਾ ਦੀ ਰੀਤੀ ਅਨੁਸਾਰ ਤਿਲਕ ਲੇਟਵੀਂ ਜਾਂ ਖੜੀ ਲਕੀਰ ਵਾਂਗ ਹੁੰਦਾ ਹੈ ਅਤੇ ਇਕ ਤੋਂ ਵੱਧ ਲਕੀਰਾਂ ਵੀ ਹੁੰਦੀਆਂ ਹਨ। ਸ਼ੈਵ ਬ੍ਰਾਹਮਣ ਟੇਢਾ ਤਿਲਕ ਲਾਉਂਦੇ ਹਨ ਅਤੇ ਵੈਸ਼ਨਵ ਖੜ੍ਹਾ ਤਿਲਕ। ਪਦਮ ਪੁਰਾਣ ਅਨੁਸਾਰ ਵੈਸ਼ਨਵਾਂ ਨੂੰ ਆਪਣੇ ਸਰੀਰ ਦੇ ਬਾਰ੍ਹਾਂ ਹਿਸਿਆਂ ਤੇ ਵੱਖੋ ਵੱਖ ਦੇਵਤਿਆਂ ਦੇ ਨਾਮ ਲੈ ਕੇ ਤਿਲਕ ਲਾਉਣ ਦਾ ਆਦੇਸ਼ ਹੈ। ਕਈ ਦੇਵੀ-ਭਗਤ ਨਾਚ ਕਰਦੇ ਕਰਦੇ ਆਪਣੇ ਪੈਰ ਦੇ ਅੰਗੂਠੇ ਨਾਲ ਆਪਣੇ ਮੱਥੇ ਤੇ ਤਿਲਕ ਲਾਉਂਦੇ ਹਨ, ਜਿਸ ਨੂੰ ਉਹ 'ਲਿਲਾਟ ਤਿਲਕ'' ਕਹਿੰਦੇ ਹਨ–.

ਗਲਿ ਮਾਲਾ ਤਿਲਕੁ ਲਿਲਾਟੰ ॥੨॥੧੪॥ (ਆਸਾ ਕੀ ਵਾਰ, ਪੰਨਾ ੪੭੦)

ਹਿੰਦੂ ਧਰਮ ਵਿਚ ਟਿੱਕੇ ਅਤੇ ਤਿਲਕ ਲਾਉਣ ਦੇ ਅਨੇਕ ਪ੍ਰਕਾਰ ਦੇ ਰਿਵਾਜ ਪ੍ਰਚਲਤ ਹਨ। ਪਰ ਗੁਰਮੁਖਾਂ ਦਾ ਸਿੱਧਾ ਪੱਧਰਾ ਗਾਡੀ ਰਾਹ ਹੈ। ਉਹ ਵੈਸ਼ਨਵਾਂ ਵਾਲੇ ਬਾਰ੍ਹਾਂ ਤਿਲਕ ਕੱਢਣ ਜਾਂ ਕਿਸੇ ਦੇਵੀ ਦੇਵਤੇ ਦੀ ਪੂਜਾ ਵਲੋਂ ਮੱਥੇ ਟਿੱਕਾ ਨਹੀਂ ਲਾਉਂਦੇ ਅਤੇ ਨਾ ਹੀ ਹਾਰ ਸ਼ਿੰਗਾਰ ਨੂੰ ਮੁੱਖ ਰੱਖ ਕੇ ਟਿੱਕੇ ਬਿੰਦੀਆਂ ਲਾਉਂਦੇ ਜਾਂ ਸੋਨੇ ਦੇ ਟਿੱਕੇ ਪਹਿਨਦੇ ਹਨ; ਏਕੰਕਾਰ (ਇਕ ਓਂਕਾਰ) ਦੀ ਅਰਾਧਨਾ ਕਰਦੇ ਕਰਦੇ ਅਰਥਾਤ ਨਾਮ (ਗੁਰ-ਮੰਤਰ) ਜਪਦੇ ਜਪਦੇ ਉਨ੍ਹਾਂ ਦੇ ਮੱਥੇ ਤੇ ਸਾਚੀ ਦਰਗਹ ਕਾ ਨੀਧਾਨ ਆਪਣੇ ਆਪ ਹੀ ਉਭਰ ਆਉਂਦਾ ਹੈ, ਮਾਨੋ ਸਸੀਅਰ (ਚੰਦ੍ਰਮਾ) ਘਰ ਸੂਰ (ਸੂਰਜ) ਸਮਾ ਜਾਂਦਾ ਹੈ। ਭਾਵ ਸ਼ਾਂਤੀ ਦੇ ਘਰ ਵਿਚ ਮਨ ਦੀ ਤਪਸ਼ ਸਮਾ ਜਾਂਦੀ ਹੈ ਅਤੇ ਠੰਢ ਵਰਤ ਜਾਂਦੀ ਹੈ।

''ਸਸੀਅਰ ਕੈ ਘਰਿ ਸੂਰਿ ਸਮਾਵੈ ॥'' ੧੯॥ (ਪੰਨਾ ੯੪੦)

ਭਾਈ ਗੁਰਦਾਸ ਜੀ ਲਿਖਦੇ ਹਨ–

*ਬਾਰਹ ਸੋਲਹ ਮੇਲਿ ਕਰਿ, ਸਸੀਅਰ ਅੰਦਰਿ ਸੂਰ ਸਮਾਇਆ ॥

ਬਾਰਹ ਤਿਲਕ ਮਿਟਾਇ ਕੈ, ਗੁਰਮੁਖਿ ਤਿਲਕੁ ਨੀਸਾਣੁ ਚੜਾਇਆ ॥ (ਵਾਰ ੭, ਪਉੜੀ ੧੨)

ਗੁਰਮੁਖ ਜਨ ਅੰਮ੍ਰਿਤ ਵੇਲੇ ਦੀ ਸੱਚੀ ਕਾਰ (ਨਾਮ ਜਪਣ) ਕਰਦੇ ਕਰਦੇ ਗੁਰੂ ਦੁਆਰ ਜਾ ਹਾਜ਼ਰ ਹੁੰਦੇ ਹਨ ਅਤੇ ਸਾਧ ਸੰਗਤ ਵਿਚ ਬੈਠ ਕੇ ਸ਼ਬਦ ਨਾਲ ਲਿਵ (ਸੁਰਤਿ) ਜੋੜ ਕੇ ਗੁਰੂ ਦੀ ਬਾਣੀ ਪੜ੍ਹਦੇ, ਸੁਣਦੇ ਅਤੇ ਗਾਉਂਦੇ ਹਨ, ਜਿਸ ਸਦਕਾ ਉਨ੍ਹਾਂ ਦਾ ਮਸਤਕ ਦਗ ਦਗ ਕਰਨ ਲਗ ਪੈਂਦਾ ਹੈ।

ਸਤਿਨਾਮੁ ਕਰਤਾ ਪੁਰਖੁ ਵਾਹਿਗੁਰੂ ਵਿਚਿ ਰਿਦੈ ਸਮਾਏ ॥

*[ਬਾਰਹ = ਦਸ ਇੰਦਰੇ + ਮਨ ਤੇ ਬੁਧ। ਸੋਲਹ = ਦਸ ਪ੍ਰਾਣ + ਪੰਜ ਤੱਤ + ਇਕ ਮਨ।]


www.AKJ.Org

ਬਾਰਹ ਤਿਲਕ ਮਿਟਾਇ ਕਰਿ, ਗੁਰਮੁਖਿ ਤਿਲਕ ਨਿਸਾਣ ਚੜ੍ਹਾਏ ॥ (ਵਾਰ ੪੦, ਪਉੜੀ ੨੨)

ਇਕ-ਮਨ ਹੋ ਪ੍ਰਭੂ ਦੀ ਅਰਾਧਨਾ ਕਰਨ ਸਦਕਾ ਗੁਰਮੁਖ ਜਨਾਂ ਦਾ ਦਸਮ ਦੁਆਰ ਖੁਲ੍ਹ ਜਾਂਦਾ ਹੈ। ਜਿਸਦੇ ਤੁਫ਼ੈਲ ਅਨਹਦ ਸ਼ਬਦ ਵੱਜਣ ਲਗ ਪੈਂਦਾ ਹੈ। ਅੰਮ੍ਰਿਤ ਝਰਨ ਕਾਰਨ "ਅੰਮ੍ਰਿਤਸਰ" ਦੇ ਇਸ਼ਨਾਨ ਹੋਣ ਲੱਗ ਜਾਂਦੇ ਹਨ ਅਤੇ ਜੋਤਿ (ਪ੍ਰਕਾਸ਼) ਪ੍ਰਗਟ ਹੋ ਜਾਂਦੀ ਹੈ—

ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥੨॥੧੭॥ (ਪੰਨਾ ੩੮੫)

ਜਪਿ ਮੁਕੰਦ ਮਸਤਕਿ ਨੀਸਾਨੰ ॥੨॥੧॥ (ਪੰਨਾ ੮੭੫)

ਜੋਤਿ ਮੱਥੇ ਵਿਚੋਂ ਪ੍ਰਗਟ ਹੁੰਦੀ ਹੈ ਅਤੇ ਜੋਤਿ ਪ੍ਰਗਟ ਹੋਣ ਵਾਲੀ ਥਾਂ ਤੇ ਗੋਲ ਨਿਸ਼ਾਨ ਪੈ ਜਾਂਦਾ ਹੈ, ਜਿਸ ਨੂੰ ਭਾਈ ਗੁਰਦਾਸ ਜੀ 'ਮੱਥੇ ਟਿੱਕਾ' ਦੱਸਦੇ ਹਨ :—

ਗੁਰਮੁਖਿ ਨਿਹਚਲੁ ਹੋਇ ਇਕ ਮਨਿ ਧਿਆਇਆ ॥

ਮਥੇ ਟਿਕਾ ਲਾਲੁ ਨੀਸਾਨੁ ਸੁਹਾਇਆ ॥ (ਵਾਰ ੨੦, ਪਉੜੀ ੫)

ਇਹ ਟਿੱਕਾ ਰੱਬ ਦੀ ਦਰਗਾਹ ਵਿਚ ਕਬੂਲੇ ਗਏ ਗੁਰਮੁਖ ਜਨਾਂ ਦੇ ਮਥੇ ਤੇ ਨਿਸ਼ਾਨੀ ਹੈ, ਮਾਨੋ ਸੱਚੀ ਦਰਗਾਹ ਦੀ ਰਾਹਦਾਰੀ (ਪਾਸ ਪੋਰਟ) ਹੈ। ਜਿਸ ਜਨ ਕੋਲ ਇਹ ਪਾਸਪੋਰਟ ਹੈ, ਉਹ ਜਦੋਂ ਚਾਹਵੇ, ਪ੍ਰੀਤਮ ਪ੍ਰਭੂ (ਪਾਰਬ੍ਰਹਮ) ਦੀ ਸਭਾ ਵਿਚ ਜਾ ਕੇ ਬਹਿ ਸਕਦਾ ਹੈ, ਉਸ ਨੂੰ ਕੋਈ ਰੋਕ ਟੋਕ ਨਹੀਂ ਸਕਦਾ, ਜਮ ਜੰਦਾਰ ਉਸਦੇ ਨੇੜੇ ਨਹੀਂ ਫਟਕ ਸਕਦੇ। ਸਾਰੇ ਦੇਵੀ ਦੇਵਤੇ ਉਸਨੂੰ ਡੰਡਵਤ ਹੋ ਕੇ ਪ੍ਰਣਾਮ ਕਰਦੇ ਹਨ।

ਸਾਰੇ ਸਿੱਖ ਗੁਰੂ ਸਾਹਿਬਾਨ ਅਤੇ ਦਰ ਕਬੂਲ ਪਏ ਗੁਰਮੁਖ ਜਨਾਂ ਦੇ ਮੱਥੇ ਤੇ ਟਿੱਕਾ ਸੀ ਅਤੇ ਹੁਣ ਵੀ ਅਜਿਹੇ ਰੱਬ ਦੇ ਪਿਆਰੇ ਹਨ ਜਿਨ੍ਹਾਂ ਦੇ "ਮੱਥੇ ਟਿੱਕਾ" ਹੈ, ਪਰ ਹੈਨ ਵਿਰਲੇ ਕਰੋੜਾਂ ਵਿਚ ਕੋਈ। ਸੱਤੇ ਬਲਵੰਡ ਵਾਲੀ ਰਾਮਕਲੀ ਕੀ ਵਾਰ ਵਿਚ ਇਉਂ ਲਿਖਿਆ ਹੋਇਆ ਹੈ :—

ਸੋ ਟਿਕਾ, ਸੋ ਬੈਹਣਾ ਸੋਈ ਦੀਬਾਣੁ ॥

ਪਿਯੂ ਦਾਦੇ ਜੇਵਿਹਾ, ਪੋਤ੍ਰਾ ਪਰਵਾਣੁ ॥੬॥ (ਪੰਨਾ ੯੬੮)

ਭਾਵ, ਪੋਤਰਾ ਗੁਰੂ ਅਮਰਦਾਸ ਭੀ ਮੰਨਿਆ ਪ੍ਰਮੰਨਿਆ ਗੁਰੂ ਹੈ, ਕਿਉਂਕਿ ਉਹ ਭੀ ਗੁਰੂ ਨਾਨਕ ਤੇ ਗੁਰੂ ਅੰਗਦ ਦੇਵ ਜੀ ਵਾਂਗ ਹੈ। ਉਸਦੇ ਮੱਥੇ ਉਤੇ ਵੀ ਪ੍ਰਭੂ-ਦਰ ਦੀ ਪ੍ਰਵਾਨਗੀ ਦਾ ਉਹੀ ਟਿੱਕਾ ਹੈ, ਉਹੀ ਤਖਤ ਹੈ ਅਤੇ ਉਹੀ ਦਰਬਾਰ ਹੈ ਜੋ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦਾ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਦਸਦੇ ਹਨ ਕਿ ਪ੍ਰਵਾਨ ਹੋਏ ਗੁਰਮੁਖ ਪਿਆਰਿਆਂ ਦੇ ਮੱਥੇ ਤੇ ਇਕ ਨਿਸ਼ਾਨੀ ਹੁੰਦੀ ਹੈ, ਜਿਸ ਨੂੰ ਭਾਈ ਗੁਰਦਾਸ ਜੀ "ਮੱਥੇ ਟਿੱਕਾ" ਕਹਿੰਦੇ ਹਨ।

ਹਰਿ ਕੇ ਸੰਤ ਸਦਾ ਪਰਵਾਣੁ ॥ ਸੰਤ ਜਨਾ ਮਸਤਕਿ ਨੀਸਾਣੁ ॥੪॥੩੫॥੪੬॥

(ਰਾਮਕਲੀ ਮ: ੫, ਪੰਨਾ ੮੯੭)

ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :—

ਅਗੇ ਪੁਛ ਨ ਹੋਵਈ, ਜੇ ਸਣੁ ਨੀਸਾਣੈ ਜਾਇ ॥੨॥੭॥ (ਸੂਹੀ ਮ: ੧, ਪੰਨਾ ੭੩੦)

ਸ੍ਰੀ ਗੁਰੂ ਅਰਜਨ ਦੇਵ ਜੀ ਇਸ ਦਰਗਾਹੀ ਨੀਸਾਨੁ (ਮੱਥੇ ਟਿੱਕਾ) ਦੀ ਪ੍ਰਾਪਤੀ ਦਾ ਇਹ ਢੰਗ ਦਸਦੇ ਹਨ—

ਸਦਾ ਸਦਾ ਜਪੀਐ ਪ੍ਰਭ ਨਾਮ ॥

ਜਰਾ ਮਰਾ ਕਛੁ ਦੂਖੁ ਨ ਬਿਆਪੈ, ਆਗੈ ਦਰਗਹ ਪੂਰਨ ਕਾਮ ॥੧॥ਰਹਾਉ॥

ਆਪੁ ਤਿਆਗਿ ਪਰੀਐ ਨਿਤ ਸਰਨੀ, **ਗੁਰ ਤੇ ਪਾਈਐ ਏਹੁ ਨਿਧਾਨੁ ॥**

ਜਨਮ ਮਰਣ ਕੀ ਕਟੀਐ ਫਾਸੀ, ਸਾਚੀ ਦਰਗਹ ਕਾ ਨੀਸਾਨੁ ॥੧॥੯੯॥

(ਬਿਲਾਵਲੁ ਮ: ੫, ਪੰਨਾ ੮੨੪)



www.AKJ.Org

# ਕਬਿਤ ਸਵਯੇ ਭਾਈ ਗੁਰਦਾਸ ਜੀ (੨੩)

ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ,
ਪੰਚ ਮਿਲਿ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ ॥
ਮ੍ਰਿਗ-ਮਦ ਗੌਰਾ ਚੋਆ-ਚੰਦਨ ਕੁਸਮ-ਦਲ,
ਸਕਲ ਸੁਗੰਧਿ ਕੈ ਅਰਗਜਾ ਸੁਬਾਸ ਹੈ ॥
ਚਤੁਰ ਬਰਨ ਪਾਨ ਚੂਨਾ ਅਉ ਸੁਪਾਰੀ ਕਾਥਾ,
ਆਪਾ ਖੋਇ ਮਿਲਤ ਅਨੂਪ ਰੂਪ ਤਾਸ ਹੈ ॥
ਤੈਸੇ ਸਾਧ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ,
ਸਾਵਧਾਨ ਪੂਰਨ ਬ੍ਰਹਮ ਕੋ ਨਿਵਾਸ ਹੈ ॥੧੨੪॥

**ਪਦ ਅਰਥ** : ਘ੍ਰਿਤ–ਘਿਉ। ਚੂਨ–ਆਟਾ। ਪਾਵਕ–ਅਗਨੀ। ਪੰਚਾਮ੍ਰਿਤ–ਅੰਮ੍ਰਿਤ ਰੂਪ ਕੜਾਹ ਪ੍ਰਸਾਦ। ਪ੍ਰਗਾਸ ਹੈ–ਉਪਜਦਾ ਹੈ, ਬਣਦਾ ਹੈ। ਮ੍ਰਿਗਮਦ–ਕਸਤੂਰੀ। ਗੌਰਾ–ਗੋਰੋਚਨ। ਚੋਆ ਚੰਦਨ–ਚੰਦਨ ਦਾ ਚੋਆ, ਅਤਰ। ਕੁਸਮ ਦਲ–ਫੁਲਾਂ ਦੇ ਪੱਤਰ, ਕੇਸਰ। ਸਕਲ ਸੁਗੰਧਿ ਕੈ–ਸਾਰੀਆਂ ਸੁਗੰਧੀਆਂ ਦੇ ਮਿਲਣ ਨਾਲ। ਅਰਗਜਾ–ਕਈ ਸੁਗੰਧੀਆਂ ਦੇ ਮੇਲ ਤੋਂ ਬਣਿਆ ਅਤੀ ਸੁਗੰਧਤ ਪਦਾਰਥ। ਸੁਬਾਸ–ਸੁਗੰਧੀ ਵਾਲਾ। ਚਤੁਰ ਬਰਨ· ਚਾਰ ਰੰਗ। ਤਾਸ–ਉਨ੍ਹਾਂ ਦਾ।

**ਅਰਥ** : (ਜਿਵੇਂ) ਖੰਡ, ਘਿਉ, ਆਟਾ, ਜਲ ਤੇ ਅਗਨੀ ਪੰਜਾਂ ਦੇ ਇੱਕਠੇ ਮਿਲਣ ਨਾਲ ਅੰਮ੍ਰਿਤ ਰੂਪ ਕੜਾਹ ਪ੍ਰਸਾਦ ਬਣਦਾ ਹੈ।

(ਜਿਵੇਂ) ਕਸਤੂਰੀ, ਗੋਰੋਚਨ, ਅਤਰ, ਕੇਸਰ ਆਦਿ ਸਾਰੀਆਂ ਸੁਗੰਧੀਆਂ ਮਿਲਣ ਨਾਲ ਅਤੀ ਸੁਗੰਧਤ ਪਦਾਰਥ ਅਰਗਜਾ ਬਣ ਜਾਂਦਾ ਹੈ।

(ਜਿਵੇਂ) ਪਾਨ, ਚੂਨਾ, ਸੁਪਾਰੀ ਤੇ ਕਥਾ ਚਾਰੇ ਰੰਗ ਆਪਣਾ ਆਪ ਮਿਟਾ ਕੇ ਜਦੋਂ ਮਿਲਦੇ ਹਨ ਤਾਂ ਉਨ੍ਹਾਂ ਤੋਂ ਅਤੀ ਸੁੰਦਰ ਰੂਪ ਵਾਲਾ ਰੰਗ ਹੋ ਜਾਂਦਾ ਹੈ।

(ਤਿਵੇਂ) ਸਾਧ ਸੰਗਤ ਦੇ ਮਿਲਾਪ ਦਾ ਪ੍ਰਤਾਪ ਵੀ ਇਹੋ ਜਿਹਾ ਹੈ, ਸਾਵਧਾਨ ਹੋ (ਸਤਸੰਗਤ ਵਿਚ ਮਿਲਣ ਨਾਲ) ਪੂਰਨ ਬ੍ਰਹਮ ਵਾਹਿਗੁਰੂ ਦਾ ਵਾਸਾ ਹੋ ਜਾਂਦਾ ਹੈ।੧੨੪।

ਸਹਜ ਸਮਾਧਿ ਸਾਧ ਸੰਗਤਿ ਮੈ ਸਾਚ ਖੰਡਿ,
ਸਤਿਗੁਰ ਪੂਰਨ ਬ੍ਰਹਮ ਕੋ ਨਿਵਾਸ ਹੈ ॥
ਦਰਸ ਧਿਆਨ ਸਰਗੁਨ ਅਕਾਲ ਮੂਰਤਿ,
ਪੂਜਾ ਫਲ ਫੂਲ ਚਰਨਾਮ੍ਰਿਤ ਬਿਸ੍ਵਾਸ ਹੈ ॥
ਨਿਰੰਕਾਰ ਚਾਰ ਪਰਮਾਰਥ ਪਰਮ ਪਦ,
ਸਬਦ ਸੁਰਤਿ ਅਵਗਾਹਨ ਅਭਿਆਸ ਹੈ ॥
ਸਰਬ ਨਿਧਾਨ ਦਾਨ ਦਾਇਕ ਭਗਤਿ ਭਾਇ,
ਕਾਮ ਨਿਹਕਾਮ ਧਾਮ ਪੂਰਨ ਪ੍ਰਗਾਸ ਹੈ ॥੧੨੫॥

**ਪਦ ਅਰਥ** : ਸਹਜ ਸਮਾਧਿ—ਗਿਆਨ ਅਵਸਥਾ। ਸਾਚ ਖੰਡਿ–ਸਚਖੰਡ ਵਿਚ। ਚਰਣਾਮ੍ਰਿਤ—ਚਰਨਾਂ ਦਾ ਅੰਮ੍ਰਿਤ। ਬਿਸ੍ਵਾਸ—ਪੂਰਨ ਭਰੋਸਾ, ਯਕੀਨ। ਨਿਰੰਕਾਰ—ਨਿਰ ਅਕਾਰ, ਨਿਰਗੁਣ ਵਾਹਿਗੁਰੂ। ਚਾਰ–ਸੁੰਦਰ। ਪਰਮਾਰਥ—ਪਰਮ ਮਨੋਰਥ। ਅਵਗਾਹਨ-ਚੁੱਭੀ ਲਾਉਣੀ, ਲੀਨ ਹੋਣਾ। ਨਿਧਾਨ–ਖ਼ਜ਼ਾਨਾ। ਦਾਨ ਦਾਇਕ—ਦਾਨ ਦੇਣ ਵਾਲੀ। ਭਗਤਿ ਭਾਇ—ਪ੍ਰੇਮਾ ਭਗਤੀ। ਕਾਮ ਨਿਹਕਾਮ–ਕਾਮਨਾਂ ਤੋਂ ਕਾਮਨਾ-



www.AKJ.Org

ਰਹਿਤ ਹੋਣਾ । ਧਾਮ–ਘਰ, ਅਵਸਥਾ ।

**ਅਰਥ** : ਸਾਧ ਸੰਗਤ ਸਚਖੰਡ ਵਿਚ (ਗੁਰਸਿੱਖਾਂ ਦੀ) ਸਹਜ ਸਮਾਧੀ ਲਗ ਜਾਂਦੀ ਹੈ, ਜਿਥੇ ਪੂਰਨ ਬ੍ਰਹਮ ਰੂਪ ਸਤਿਗੁਰੂ ਦਾ ਨਿਵਾਸ ਹੁੰਦਾ ਹੈ ।

(ਗੁਰਸਿੱਖਾਂ ਲਈ ਸਤਿਗੁਰੂ ਦੇ) ਦਰਸ਼ਨ ਦਾ ਧਿਆਨ ਹੀ ਸਰਗੁਣ ਸਰੂਪ ਵਾਹਿਗੁਰੂ ਅਕਾਲ ਮੂਰਤਿ ਦਾ ਧਿਆਨ ਹੈ ਅਤੇ (ਉਨ੍ਹਾਂ ਲਈ ਸਤਿਗੁਰੂ ਦੇ) ਚਰਨਾਂ ਦਾ ਅੰਮ੍ਰਿਤ ਪਾਨ ਕਰਨ ਵਿੱਚ ਦ੍ਰਿੜ੍ਹ ਭਰੋਸਾ ਹੀ ਫਲਾਂ ਫੁਲਾਂ ਨਾਲ ਪੂਜਾ ਕਰਨੀ ਹੈ ।

(ਗੁਰੂ ਦਾ ਸੱਚਾ ਸੇਵਕ) ਸਤਿਗੁਰੂ ਦੇ ਸ਼ਬਦ ਵਿਚ ਸੁਰਤਿ ਜੋੜਨ ਦਾ ਅਭਿਆਸੀ ਹੋ ਕੇ ਨਿਰਗੁਣ ਵਾਹਿਗੁਰੂ ਦੇ ਸੁੰਦਰ ਮਨੋਰਥ ਅਤੇ ਪਰਮ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ ।

(ਸਾਧ ਸੰਗਤ ਸਚਖੰਡ ਵਿਚ) ਸਾਰੇ ਖਜ਼ਾਨੇ ਬਖਸ਼ਣ ਵਾਲੀ ਵਾਹਿਗੁਰੂ ਦੀ ਪ੍ਰੇਮਾ-ਭਗਤੀ ਕਰਕੇ (ਗੁਰਮੁਖ ਜਨ) ਨਿਰਵਿਕਲਪ ਅਵਸਥਾ ਵਿਚ ਟਿਕ ਜਾਂਦਾ ਹੈ, ਜਿਥੇ ਵਾਹਿਗੁਰੂ ਦਾ ਪੂਰਨ ਪ੍ਰਕਾਸ਼ ਹੁੰਦਾ ਹੈ ।੧੨੫।

**ਸਹਜ ਸਮਾਧਿ ਸਾਧ ਸੰਗਤਿ ਸੁਕ੍ਰਿਤ ਭੂਮਿ,**
**ਚਿਤ ਚਿਤਵਤ ਫਲ ਪ੍ਰਾਪਤਿ ਉਧਾਰ ਹੈ ॥**
**ਬਜਰ ਕਪਾਟ ਖੁਲੇ ਹਾਟ ਸਾਧ ਸੰਗਤਿ ਮੈ,**
**ਸ਼ਬਦ ਸੁਰਤਿ ਲਾਭ ਰਤਨ ਬਿਉਹਾਰ ਹੈ ॥**
**ਸਾਧ ਸੰਗਿ ਬ੍ਰਹਮ ਸ਼ਥਾਨ ਗੁਰਦੇਵ ਸੇਵ,**
**ਅਲਖ ਅਭੇਵ ਪਰਮਾਰਥ ਆਚਾਰ ਹੈ ॥**
**ਸਫਲ ਸੁ ਖੇਤ ਹੇਤ ਬਨਤ ਅਮਿਤ ਲਾਭ,**
**ਸੇਵਕ ਸਹਾਈ ਬਰਦਾਈ ਉਪਕਾਰ ਹੈ ॥੧੨੬॥**

**ਪਦ ਅਰਥ** : ਸਹਜ ਸਮਾਧਿ—ਗਿਆਨ ਅਵਸਥਾ, ਨਾਮ-ਸਿਮਰਨ ਵਿਚ ਲੀਨ ਹੋਣ ਦੀ ਅਵਸਥਾ । ਸੁਕ੍ਰਿਤ ਭੂਮਿ—ਉਤਮ ਕਰਮਾਂ ਦੀ ਧਰਤੀ । ਚਿਤ ਚਿਤਵਤ—ਮਨ-ਮੰਗੇ । ਉਧਾਰ—ਪਾਰ ਉਤਾਰਾ, ਮੁਕਤੀ । ਬਜਰ ਕਪਾਟ—ਅਗਿਆਨ ਦੇ ਕਰੜੇ ਪੱਥਰ ਵਰਗੇ ਦਰਵਾਜ਼ੇ । ਹਾਟ—ਹੱਟੀ । ਅਲਖ—ਨਾ ਲਖਿਆ ਜਾ ਸਕਣ ਵਾਲਾ । ਅਭੇਦ—ਜਿਸ ਦਾ ਭੇਦ ਨਾ ਪਾਇਆ ਜਾ ਸਕੇ, ਵਾਹਿਗੁਰੂ । ਪਰਮਾਰਥ—ਧਰਮ ਦਾ ਮਨੋਰਥ । ਆਚਾਰ—ਕਰਤੱਵ । ਸਫਲ—ਫਲਦਾਇਕ । ਖੇਤ—ਸਾਧ ਸੰਗਤ ਰੂਪੀ ਖੇਤ । ਹੇਤ—ਪ੍ਰੀਤੀ, ਪਿਆਰ । ਅਮਿਤ—ਅਮਿਣਵਾਂ । ਬਰਦਾਈ—ਵਰ ਦੇਣ ਵਾਲੀ ।

**ਅਰਥ** : ਸਾਧ ਸੰਗਤ ਉਤਮ ਬੀਜ ਬੀਜਣ ਦੀ ਧਰਤੀ ਹੈ; ਜਿਥੇ (ਗੁਰਮੁਖ ਜਨ) ਸਹਿਜੇ ਹੀ ਨਾਮ-ਸਿਮਰਨ ਦੀ ਗਿਆਨ ਅਵਸਥਾ ਵਿਚ ਟਿਕਦਾ ਹੈ । ਇਥੋਂ ਮਨ-ਇਛਤ ਫਲ ਪ੍ਰਾਪਤ ਹੁੰਦੇ ਅਤੇ ਪਾਰ-ਉਤਾਰਾ ਹੁੰਦਾ ਹੈ ।

ਸਾਧ ਸੰਗਤ ਰੂਪੀ ਹੱਟੀ ਵਿਚ ਅਗਿਆਨ ਦੇ ਬਜਰ ਵਰਗੇ ਕਰੜੇ ਕਿਵਾੜ ਖੁਲ੍ਹਦੇ ਹਨ ਅਤੇ ਗੁਰ-ਸ਼ਬਦ ਵਿਚ ਸੁਰਤਿ ਜੁੜਨ ਨਾਲ ਨਾਮ-ਰਤਨ ਵਿਹਾਜਣ ਦਾ ਲਾਭ ਮਿਲਦਾ ਹੈ ।

ਸਾਧ ਸੰਗਤ ਰੂਪੀ ਬ੍ਰਹਮ-ਅਸਥਾਨ ਵਿਖੇ ਸਤਿਗੁਰੂ ਦੀ ਸੇਵਾ ਕਰਕੇ ਅਲੱਖ ਤੇ ਅਭੇਦ ਵਾਹਿਗੁਰੂ ਨਾਲ ਮਿਲੀਦਾ ਹੈ, ਇਹੋ ਕਰਤੱਵ ਹੀ ਧਰਮ ਦਾ ਮਨੋਰਥ ਹੈ ।

ਸਾਧ ਸੰਗਤ ਰੂਪੀ ਫਲਦਾਇਕ ਖੇਤ ਨਾਲ ਪ੍ਰੀਤੀ ਕੀਤਿਆਂ ਅਮਿਣਵਾਂ ਲਾਭ ਮਿਲਦਾ ਹੈ । (ਸਾਧ ਸੰਗਤ) ਸੇਵਕਾਂ ਦੀ ਸਹਾਈ, ਫਲ-ਦਾਤੀ ਅਤੇ ਉਪਕਾਰੀ ਹੈ ।੧੨੬।


www.AKJ.Org

ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ,
ਕਾਲ ਮੈ ਅਕਾਲ, ਕਾਲ ਬਜਾਲ ਬਿਖੁ ਮਾਰੀਐ ॥
ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ,
ਕੁਲ ਅਕੁਲੀਨ ਭਏ, ਦੁਬਿਧਾ ਨਿਵਾਰੀਐ ॥
ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ,
ਸਹਜ ਸਮਾਧਿ ਨਿਜ ਆਸਨ ਕੀ ਤਾਰੀਐ ॥
ਗੁਰਮੁਖਿ ਸਾਧ ਚਰਨਾਮ੍ਰਿਤ ਪਰਮ ਪਦ,
ਗੁਰਮੁਖਿ ਪੰਥ ਅਬਿਗਤ ਗਤ ਨਿਆਰੀ ਹੈ ॥੧੨੭॥

**ਪਦ ਅਰਥ** : ਸਾਧ ਚਰਨਾਮ੍ਰਿਤ–ਸਾਧ ਸੰਗਤ ਦੇ ਚਰਨਾਂ ਦਾ ਅੰਮ੍ਰਿਤ। ਨਿਧਾਨ ਪਾਨ–ਨਾਮ ਖਜ਼ਾਨੇ ਦਾ ਪੀਣਾ। ਅਕਾਲ–ਕਾਲ ਦੇ ਪ੍ਰਭਾਵ ਤੋਂ ਮੁਕਤ। ਬਜਾਲ–ਸੱਪ। ਬਿਖੁ–ਜ਼ਹਿਰ। ਅਕੁਲੀਨ–ਜਾਤਿ-ਅਭਿਮਾਨ ਤੋਂ ਰਹਿਤ। ਦੁਬਿਧਾ–ਦੁਚਿਤਾਪਣ, ਵਿਤਕਰਾ। ਨਿਜ ਆਸਨ–ਨਿਜ ਅਸਥਾਨ। ਤਾਰੀ–ਲਿਵ। ਅਬਿਗਤ–ਨਾਸ਼ ਰਹਿਤ, ਬੇਅੰਤ। ਗਤਿ–ਗਤੀ, ਰੀਤੀ। ਨਿਆਰੀ–ਨਿਰਾਲੀ, ਅਲੌਕਿਕ।

**ਅਰਥ** : ਗੁਰਮੁਖ ਜਨ ਸਾਧ ਸੰਗਤ ਦੇ ਚਰਨਾਂ ਦੀ ਧੂੜੀ ਵਿਚ ਨਾਮ-ਅੰਮ੍ਰਿਤ-ਖਜ਼ਾਨੇ ਨੂੰ ਪਾਨ ਕਰਦਾ ਭਾਵ,ਨਾਮ-ਸਿਮਰਨ ਦਾ ਰਸ ਭੁੰਚਦਾ ਹੈ ਅਤੇ ਸਮੇਂ ਦੇ ਚਕਰ ਵਿਚ ਰਹਿੰਦਾ ਹੋਇਆ, ਉਸ ਦੇ ਪ੍ਰਭਾਵ ਤੋਂ ਬਚਿਆ ਰਹਿੰਦਾ ਹੈ, (ਭਾਵ, ਮੌਤ ਦਾ ਡਰ ਉਸ ਨੂੰ ਨਹੀਂ ਸਤਾਂਦਾ)। ਕਾਲ ਰੂਪੀ ਸੱਪ ਦੇ ਜ਼ਹਿਰ (ਡਰ) ਨੂੰ ਉਹ ਮਾਰ ਦਿੰਦਾ ਹੈ।

ਗੁਰਮੁਖ ਸਾਧ ਸੰਗਤ ਦੇ ਚਰਨਾਂ ਦੀ ਧੂੜੀ ਵਿਚ ਨਾਮ ਅੰਮ੍ਰਿਤ-ਖਜਾਨੇ ਨੂੰ ਛੱਕ ਕੇ, ਜਾਤੀ ਅਭਿਮਾਨ ਤੋਂ ਰਹਿਤ ਹੋ ਜਾਂਦਾ ਹੈ ਅਤੇ (ਉਹ ਆਪਣੇ ਅੰਦਰੋਂ ਵਡੇ ਛੋਟੇ, ਉਚੇ ਨੀਵੇਂ ਦਾ) ਵਿਤਕਰਾ ਦੂਰ ਕਰ ਲੈਂਦਾ ਹੈ।

ਗੁਰਮੁਖ ਸਾਧ ਸੰਗਤ ਦੇ ਚਰਨਾਂ ਦੀ ਧੂੜੀ ਵਿਚ ਨਾਮ-ਅੰਮ੍ਰਿਤ ਖਜ਼ਾਨੇ ਨੂੰ ਭੁੰਚਦਾ ਹੋਇਆ, ਨਿਜ-ਅਸ਼ਥਾਨ ਤੇ ਸਹਿਜ ਸਮਾਧੀ ਵਿਚ ਲਿਵ ਲਾਈ ਰਖਦਾ ਹੈ।

ਗੁਰਮੁਖ ਸਾਧ ਸੰਗਤ ਦੀ ਚਰਨ ਧੂੜੀ ਵਿਚ ਨਾਮ ਅੰਮ੍ਰਿਤ ਰਸ ਭੁੰਚਦਾ, ਪਰਮ ਪਦ ਨੂੰ ਪਾ ਲੈਂਦਾ ਹੈ। ਗੁਰਮੁਖਾਂ ਦੇ ਮਾਰਗ ਦੀ ਰੀਤੀ ਬਿਆਨ ਤੋਂ ਪਰੇ ਹੈ, ਨਾਸ਼-ਰਹਿਤ ਅਤੇ ਅਲੌਕਿਕ ਹੈ।੧੨੭।

ਸਹਜ ਸਮਾਧਿ ਸਾਧ ਸੰਗਤਿ ਸਖਾ ਮਿਲਾਪ,
ਗਗਨ ਘਟਾ ਘਮੰਡ ਜੁਗਤਿ ਕੈ ਜਾਨੀਐ ॥
ਸਹਜ ਸਮਾਧਿ ਕੀਰਤਨ ਗੁਰ ਸਬਦ ਕੈ,
ਅਨਹਦ ਨਾਦ ਗਰਜਤ ਉਨਮਾਨੀਐ ॥
ਸਹਜ ਸਮਾਧਿ ਸਾਧ ਸੰਗਤਿ ਜੋਤੀ ਸਰੂਪ,
ਦਾਮਿਨੀ ਚਮਤਕਾਰ ਉਨਮਨ ਮਾਨੀਐ ॥
ਸਹਜ ਸਮਾਧਿ ਲਿਵ ਨਿਝਰ ਅਪਾਰ ਧਾਰ,
ਬਰਖਾ ਅੰਮ੍ਰਿਤ ਜਲ ਸਰਬ ਨਿਧਾਨੀਐ ॥੧੨੮॥

**ਪਦ ਅਰਥ** : ਸਹਜ ਸਮਾਧਿ–ਗਿਆਨ ਅਵਸਥਾ, ਨਾਮ-ਅਭਿਆਸ ਵਿਚ ਜੁੜਨ ਵਾਲੀ ਅਵਸਥਾ। ਸਖਾ ਮਿਲਾਪ–ਮਿਤਰ (ਪ੍ਰਭੂ) ਦਾ ਮਿਲਾਪ। ਘਟਾ ਘਮੰਡ–ਬਦਲਾਂ ਦਾ ਇਕੱਠ। ਅਨਾਦ ਨਾਦ–ਇਕ ਰਸ ਸ਼ਬਦ ਦੀ ਧੁਨੀ। ਉਨਮਾਨੀਐ–ਜਾਣ ਲਵੇ। ਦਾਮਿਨੀ–ਬਿਜਲੀ। ਉਨਮਨ–ਖੇੜਾ। ਨਿਝਰ ਅਪਾਰ ਧਾਰ–ਇਕ ਰਸ ਝਰਨ ਵਾਲੀ ਅਪਾਰ ਅੰਮ੍ਰਿਤ ਧਾਰਾ। ਸਰਬ ਨਿਧਾਨੀਐ–ਸਾਰੇ ਖਜ਼ਾਨਿਆਂ ਦਾ ਭੰਡਾਰ ਹੈ।

**ਅਰਥ** : ਸਾਧ ਸੰਗਤ ਵਿਚ (ਨਾਮ ਸਿਮਰਨ ਦੀ) ਸਹਜ ਸਮਾਧੀ ਵਿਚ ਜੁੜ ਕੇ ਪ੍ਰਭੂ-ਮਿਲਾਪ ਦੀ ਜੁਗਤੀ


www.AKJ.Org

ਇਉਂ ਹੈ ਜਿਵੇਂ ਅਕਾਸ਼ ਵਿਚ ਬਦਲਾਂ ਦੀਆਂ ਘਟਾਂ ਉਮਡਦੀਆਂ ਹਨ।

(ਸਾਧ ਸੰਗਤ ਵਿਚ) ਸਹਜ ਸਮਾਧੀ ਵਿਚ ਟਿਕ ਕੇ, ਗੁਰ-ਸ਼ਬਦ ਦੁਆਰਾ ਜੋ ਨਾਮ-ਕੀਰਤਨ-ਧੁਨੀਆਂ (ਅੰਤਰ ਆਤਮੇ) ਗੂੰਜਦੀਆਂ ਹਨ, ਉਸ ਦੀ ਇਕ-ਰਸ ਲਗਾਤਾਰ ਧੁਨੀ ਨੂੰ (ਬਦਲਾਂ ਦੀ) ਗਰਜ ਸਮਝ ਲਓ।

ਸਾਧ ਸੰਗਤ ਵਿਚ ਸਹਜ ਅਵਸਥਾ ਵਿਚ ਨਾਮ-ਸਿਮਰਨ ਵਿਚ ਜੁੜ ਕੇ ਜੋਤੀ ਸਰੂਪ ਵਾਹਿਗੁਰੂ ਦੀ ਜ਼ੋਤਿ ਦਾ ਜੋ ਉਜਾਲਾ ਹੁੰਦਾ ਹੈ, ਉਸ ਖੇੜੇ ਵਾਲੀ ਅਵਸਥਾ ਨੂੰ ਬਿਜਲੀ ਦਾ ਚਮਤਕਾਰ ਮੰਨ ਲਓ।

(ਸਾਧ ਸੰਗਤ ਵਿਚ) ਸਹਜ ਸਮਾਧੀ ਵਿਚ ਨਾਮ-ਅਭਿਆਸ ਵਿਚ ਜੁੜ ਕੇ, (ਦਸਮ ਦੁਆਰ ਵਿਖੇ) ਨਾਮ-ਅੰਮ੍ਰਿਤ ਦੀ ਜੋ ਇਕ-ਰਸ ਅਪਾਰ ਧਾਰਾ ਝਰਦੀ ਹੈ, ਉਸ ਨੂੰ ਸਾਰੀਆਂ ਨਿਧੀਆਂ ਦਾ ਭੰਡਾਰ ਬਰਖਾ ਦਾ ਅੰਮ੍ਰਿਤ ਜ਼ਲ ਸਮਝੋ।੧੨੮।

**ਜੈਸੇ ਤਉ ਗੋ-ਬੰਸ ਤ੍ਰਿਣ ਖਾਇ ਦੁਹੇ ਗੋਰਸ ਦੇ,**
**ਗੋਰਸ ਔਟਾਇ ਦਧਿ ਮਾਖਨ ਪ੍ਰਗਾਸ ਹੈ॥**
**ਊਖ ਮੈ ਪਿਊਖ, ਤਨ ਖੰਡ ਖੰਡ ਕੈ ਪਿਰਾਏ,**
**ਰਸ ਕੇ ਅਉਟਾਏ ਖੰਡ ਮਿਸਰੀ ਮਿਠਾਸ ਹੈ॥**
**ਚੰਦਨ ਸੁਗੰਧ ਸਨਬੰਧ ਕੈ ਬਨਾਸਪਤੀ,**
**ਢਾਕ ਅਉ ਪਲਾਸ ਜੈਸੇ ਚੰਦਨ ਸੁਬਾਸ ਹੈ॥**
**ਸਾਧ ਸੰਗਿ ਮਿਲਤ ਸੰਸਾਰੀ ਨਿਰੰਕਾਰੀ ਹੋਤ,**
**ਗੁਰਮਤਿ ਪਰਉਪਕਾਰ ਕੇ ਨਿਵਾਸ ਹੈ॥੧੨੯॥**

**ਪਦ ਅਰਥ** : ਗੋ-ਬੰਸ—ਗਊਆਂ ਦੀ ਜਾਤੀ। ਤ੍ਰਿਣ—ਘਾਹ। ਦੁਹੇ—ਚੋਣ ਤੇ। ਗੋਰਸ—ਦੁੱਧ। ਔਟਾਇ—ਕਾੜ੍ਹਨ ਨਾਲ। ਦਧਿ—ਦਹੀਂ। ਪ੍ਰਗਾਸ ਹੈ—ਪ੍ਰਗਟ ਹੁੰਦਾ ਹੈ। ਊਖ—ਗੰਨਾ। ਪਿਊਖ—ਮਿਠਾਸ। ਤਨ—ਸਰੀਰ। ਖੰਡ ਖੰਡ—ਟੋਟੇ ਟੋਟੇ। ਪਿਰਾਏ—ਪੀੜਾਂਦਾ। ਸਨਬੰਧ ਕੈ—ਮਿਲ ਕੇ। ਬਨਾਸਪਤੀ—ਰੁਖ, ਬ੍ਰਿਛ। ਢਾਕ, ਪਲਾਸ—ਰੁਖਾਂ ਦੇ ਨਾਂ। ਸੁਬਾਸ—ਸੁਗੰਧੀ ਵਾਲੇ। ਨਿਰੰਕਾਰੀ—ਨਿਰੰਕਾਰ ਵਾਲਾ, ਵਾਹਿਗੁਰੂ ਦਾ ਸੇਵਕ। ਗੁਰਮਤਿ—ਗੁਰੂ ਦੀ ਸਿਖਿਆ, ਗੁਰੂ ਦੀ ਸੀਖਿਆ ਦੀਖਿਆ।

**ਅਰਥ** : ਜਿਵੇਂ ਕਿ ਗਊ ਦੀ ਬੰਸ ਘਾਹ ਖਾ ਕੇ, ਚੋਣ ਤੇ ਦੁੱਧ ਦਿੰਦੀ ਹੈ, ਅਤੇ ਦੁੱਧ ਕਾੜ੍ਹਿਆਂ ਦਹੀਂ ਤੇ ਮੱਖਣ ਨਿਕਲਦਾ ਹੈ।

(ਜਿਵੇਂ) ਗੰਨੇ ਵਿਚ ਮਿਠਾਸ ਹੈ, ਉਹ ਤਨ ਨੂੰ ਟੋਟੇ ਟੋਟੇ ਹੋ ਕੇ ਪੀੜਾਂਦਾ ਹੈ (ਅਤੇ ਮਿਠਾਸ ਕਰਕੇ ਉਸੀ ਰਸ ਨੂੰ ਕਾੜ੍ਹਨ ਨਾਲ ਖੰਡ ਤੇ ਮਿਸਰੀ ਆਦਿਕ ਬਣਦੇ ਹਨ।

ਜਿਵੇਂ ਚੰਦਨ ਦੀ ਸੁਗੰਧੀ ਨਾਲ ਮਿਲ ਕੇ ਬਨਾਸਪਤੀ ਦੇ ਰੁਖ ਢਾਕ ਤੇ ਪਲਾਸ ਆਦਿਕ ਚੰਦਨ ਦੀ ਵਾਸ਼ਨਾ ਵਾਲੇ ਹੋ ਜਾਂਦੇ ਹਨ।

(ਤਿਵੇਂ) ਸਾਧੂ ਪੁਰਸ਼ ਦੀ ਸੰਗਤ ਵਿਚ ਮਿਲਿਆਂ ਸੰਸਾਰੀ ਪੁਰਸ਼ ਪ੍ਰਭੂ ਦਾ ਸੇਵਕ (ਨਿਰੰਕਾਰੀ) ਹੋ ਜਾਂਦਾ ਹੈ ਅਤੇ ਗੁਰੂ ਤੋਂ ਪ੍ਰਾਪਤ ਸੀਖਿਆ-ਦੀਖਿਆ ਅਨੁਸਾਰ (ਉਸ ਦੇ ਅੰਤਰ ਆਤਮੇ) ਪਰਉਪਕਾਰ ਦਾ ਵਾਸਾ ਹੋ ਜਾਂਦਾ ਹੈ।੧੨੯।


## ਰਾਗਮਾਲਾ ਬਾਰੇ ਵਿਚਾਰ

ਰਾਗਮਾਲ ਦੀ ਅਸਲੀਅਤ ਨੂੰ ਸਮਝਣ ਲਈ ਇਸ ਟਰੈਕਟ ਵਿਚ ਦਿਤੇ ਭਾਈ ਕਾਨ੍ਹ ਸਿੰਘ ਜੀ ਨਾਭਾ, ਪ੍ਰੋ: ਪਿਆਰਾ ਸਿੰਘ ਜੀ ਪਦਮ, ਭਾ: ਸਾ: ਰਣਧੀਰ ਸਿੰਘ, ਸ: ਸ਼ਮਸ਼ੇਰ ਸਿੰਘ ਅਸ਼ੋਕ, ਵੈਦਰਾਜ ਗਿ: ਅਰਜਨ ਸਿੰਘ ਜੀ ਅਤੇ ਹੋਰ ਵਿਦਵਾਨਾਂ ਦੇ ਖੋਜ-ਪੂਰਤ ਵਿਚਾਰ ਪੜ੍ਹੋ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਇਹ ਤੱਥ ਸਪੱਸ਼ਟ ਤੌਰ ਤੇ ਉਘੜ ਆਉਂਦਾ ਹੈ ਕਿ 'ਰਾਗਮਾਲਾ ਗੁਰਬਾਣੀ ਹੈ' ਜਾਂ ਨਹੀਂ। ਇਸ ਨੂੰ ਆਪ ਪੜ੍ਹੋ ਅਤੇ ਹੋਰਨਾਂ ਵੀਰਾਂ ਭੈਣਾਂ ਨੂੰ ਪੜ੍ਹਾਓ। ਭੇਟਾ ਕੇਵਲ ੧-੫੦





www.AKJ.Org

# 'ਕੇਸ ਰਖਣੇ, ਇਹ ਸਾਡੀ ਮੋਹਰ ਹੈ'

[ਸ: ਗੁਰਪ੍ਰੀਤ ਸਿੰਘ ਜੀ, ੬੧੭-ਗੁਰੂ ਨਾਨਕ ਨਗਰ, ਗੁਰਦਾਸਪੁਰ]

ਜਦ ਅਸੀਂ ਗੁਰਬਾਣੀ ਨੂੰ ਗਹੁ ਨਾਲ ਪੜ੍ਹਦੇ ਹਾਂ, ਵਿਚਾਰਦੇ ਹਾਂ ਤਾਂ ਸਾਨੂੰ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਗੁਰਮਤਿ ਵਿੱਚ ਇਕੱਲੀ ਕਥਨੀ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਗਈ, ਬਲਕਿ ਏਥੇ ਤਾਂ ਕਰਣੀ ਪ੍ਰਧਾਨ ਹੈ। ਗੁਰਦੇਵ ਦਾ ਫੁਰਮਾਨ ਹੈ :

ਸੇਵਕ ਸਿਖ ਪੂਜਣ ਸਭਿ ਆਵਹਿ, ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥੧੧॥ (੬੬੯)

ਭਾਵ ਕਿ ਗਾਵਿਆ ਅਤੇ ਸੁਣਿਆ ਵੀ ਉਹਨਾਂ ਦਾ ਹੀ ਪ੍ਰਵਾਨ ਹੈ ਜਿਨ੍ਹਾਂ ਨੇ ਗੁਰੂ ਜੀ ਦੇ ਹੁਕਮ (ਆਗਿਆ) ਨੂੰ ਮਨ-ਬਚ-ਕਰਮ ਕਰਕੇ ਮੰਨ ਲਿਆ। ਏਸੇ ਹੀ ਗੱਲ ਨੂੰ ਦ੍ਰਿੜ੍ਹ ਕਰਵਾਂਦੇ ਹੋਏ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ :

ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ, ਹਰਿ ਹਰਿ ਕਥਾ ਨਿਰਾਲੀ ॥੧॥ਰਹਾਉ॥੪॥ (੬੬੭)

ਗੁਰੂ ਜੀ ਤਾਂ ਪ੍ਰਭੂ-ਮਿਲਾਪ ਦਾ ਰਸਤਾ ਵੀ ਹੁਕਮ ਮੰਨਣਾ ਹੀ ਦੱਸਦੇ ਹਨ :

ਹੁਕਮਿ ਮੰਨਿਐ ਹੋਵੈ ਪਰਵਾਣੁ, ਤਾ ਖਸਮੈ ਕਾ ਮਹਲੁ ਪਾਇਸੀ ॥
ਖਸਮੈ ਭਾਵੈ ਸੋ ਕਰੇ, ਮਨਹੁ ਚਿੰਦਿਆ ਸੋ ਫਲੁ ਪਾਇਸੀ ॥
ਤ ਦਰਗਹ ਪੈਧਾ ਜਾਇਸੀ ॥੧੫॥ (ਆਸਾ ਕੀ ਵਾਰ, ਪੰਨਾ ੪੭੧

ਸਿੱਖ ਦਾ ਤਾਂ ਮਤਲਬ ਹੀ ਸਿੱਖਣ ਵਾਲਾ ਹੈ। ਪਰ ਸਿੱਖਣਾ ਕੀ? ਗੁਰੂ ਜੀ ਦੀ ਸਿੱਖਿਆ। ਸੋ ਆਓ ਅੱਜ ਅਸੀਂ ਵੀ ਗੁਰੂ ਜੀ ਦੀ ਐਸੀ ਸਿੱਖਿਆ ਦੀ ਵਿਚਾਰ ਕਰੀਏ, ਜੋ ਸਾਨੂੰ ਸਾਰੀ ਦੁਨੀਆ ਤੋਂ ਨਿਆਰਾ ਬਣਾ ਦਿੰਦੀ ਹੈ। ਵਿਚਾਰ ਕਰੀਏ ਕਿ ਏਸ ਦੇਸ਼ ਦੀ ਖ਼ਾਤਿਰ, ਧਰਮ ਦੀ ਆਜ਼ਾਦੀ ਦੀ ਖਾਤਿਰ, ਸਾਡੀ ਦਸਤਾਰ ਅਤੇ ਕੇਸਾਂ ਖ਼ਾਤਿਰ, ਆਪਣੇ ਮਾਤਾ-ਪਿਤਾ, ਚਾਰੇ ਹੀ ਸਾਹਿਬਜ਼ਾਦੇ ਸ਼ਹੀਦ ਕਰਵਾਉਣ ਵਾਲੇ ਅਤੇ ਖ਼ੁਦ ਆਪਣਾ ਆਪ ਵੀ ਸਾਡੇ ਤੋਂ ਕੁਰਬਾਨ ਕਰ ਦੇਣ ਵਾਲੇ 'ਬਾਦਸ਼ਾਹ ਦਰਵੇਸ਼' ਸਾਨੂੰ ਕੀ ਹੁਕਮ ਕਰ ਕੇ ਗਏ ਸਨ।

੨੬ ਜੇਠ ਸੰਮਤ ੧੭੫੬ ਨੂੰ ਜੋ 'ਹੁਕਮਨਾਮਾ' ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਾਬਲ ਦੀ ਸੰਗਤ ਨੂੰ ਭੇਜਿਆ. ਉਸ ਵਿਚ ਆਪ ਜੀ ਆਦੇਸ਼ ਕਰਦੇ ਹਨ :

੧ ੴ ਸਤਿਗੁਰੂ ਜੀ ਸਹਾਇ ॥

"ਸਰਬਤ ਸੰਗਤ ਕਾਬਲ ਗੁਰੂ ਰਖੇਗਾ, ਤੁਸਾਂ ਉਤੇ ਸਾਡੀ ਬਹੁਤ ਖੁਸ਼ੀ ਹੈ। ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ। **ਕੇਸ ਰੱਖਣੇ, ਇਹ ਸਾਡੀ ਮੋਹਰ ਹੈ।** ਕਛ, ਕ੍ਰਿਪਾਨ ਦਾ ਵਿਸਾਹ ਨਹੀਂ ਕਰਨਾ, ਸਰਬ ਲੋਹ ਦਾ ਕੜਾ ਹੱਥ ਰੱਖਣਾ, ਦੋਨੋਂ ਵਕਤ ਕੇਸਾਂ ਦੀ ਪਾਲਣਾ ਕਰਨੀ, ਸਰਬ ਸੰਗਤ ਅਭਾਖਿਆ ਦਾ ਕੁਠਾ ਖਾਵੇ ਨਾਹੀ, ਤਮਾਕੂ ਨਾ ਵਰਤਨਾ, ਭਾਦਨੀ ਤਥਾ ਕੰਨਿਆ ਮਾਰਨ ਵਾਲੇ ਸੇ ਮਿਲਾਪ ਨ ਰੱਖੇ..... ਗੁਰਬਾਣੀ ਪੜ੍ਹਨੀ, ਵਾਹਿਗੁਰੂ-ਵਾਹਿਗੁਰੂ ਜਪਣਾ, ਗੁਰੂ ਕੀ ਰਹਿਤ ਰੱਖਣੀ।"

ਗੁਰੂ ਜੀ ਨੇ ਇਸ ਹੁਕਮਨਾਮੇ ਵਿਚ ਸਪੱਸ਼ਟ ਆਦੇਸ਼ ਦਿੱਤਾ ਹੈ ਕਿ 'ਕੇਸ ਰੱਖਣੇ, ਇਹ ਸਾਡੀ ਮੋਹਰ ਹੈ।' 'ਦੋਨੋਂ ਵਕਤ ਕੇਸਾਂ ਦੀ ਪਾਲਣਾ ਕਰਨੀ' ਭਾਵ ਸਵੇਰੇ ਸ਼ਾਮ ਕੇਸਾਂ ਨੂੰ ਕੰਘੇ ਨਾਲ ਸਾਫ ਕਰਨਾ। 'ਭਾਦਨੀ ਸੇ ਮਿਲਾਪ ਨ ਰੱਖੇ' ਭਾਵ ਕੇਸ ਦਾੜ੍ਹੀ ਮੁੰਨਣ ਜਾਂ ਕਤਰਨ ਵਾਲੇ ਨਾਲ ਮਿਲਾਪ ਨ ਰੱਖਣਾ।

ਭਾਈ ਸੁੱਖਾ ਸਿੰਘ ਕ੍ਰਿਤ, ਗੁਰ-ਬਿਲਾਸ ਪਾ: ੧੦ ਵਿਚ ਪਾਤਸ਼ਾਹ ਫ਼ੁਰਮਾਉਂਦੇ ਹਨ :

ਇਹੈ ਮੋਰ ਆਗਿਆ, ਸੁਨੋ ਹੇ ਪਿਆਰੇ,
ਬਿਨਾ ਤੇਗ ਕੇਸੰ, ਦਿਵੋ ਨ ਦੀਦਾਰੇ।

ਕਿੰਨੇ ਪਿਆਰ ਨਾਲ ਗੁਰੂ ਜੀ ਆਗਿਆ ਕਰ ਰਹੇ ਹਨ ਕਿ ਹੇ ਮੇਰੇ ਪਿਆਰੇ ਗੁਰਸਿੱਖੋ, ਬਿਨਾਂ ਤੇਗ ਅਤੇ ਕੇਸਾਂ ਦੇ ਤੁਸੀਂ ਮੈਨੂੰ ਦਿਖਾਈ ਨਾ ਦੇਵੋ, ਭਾਵ ਤੇਗ (ਸ੍ਰੀ ਸਾਹਿਬ) ਅਤੇ ਕੇਸਾਂ ਦੇ ਧਾਰਨੀ ਹੋਵੋ, ਅਰਥਾਤ, ਸਾਬਤ ਸੂਰਤ ਹੋਵੋ।

ਕਈ ਵਾਰ ਸਾਡੇ ਮਨ ਵਿਚ ਇਹ ਭੁਲੇਖਾ ਪੈਦਾ ਹੋ ਜਾਂਦਾ ਹੈ ਕਿ ਕੇਸ ਦਾੜ੍ਹੀ ਸਾਬਤ ਰੱਖਣ ਦਾ ਹੁਕਮ ਕੇਵਲ ਦਸਵੇਂ ਗੁਰੂ ਜੀ ਨੇ ਹੀ ਦਿੱਤਾ ਸੀ।

ਗਿਆਨ ਰਤਨਾਵਲੀ ਵਿਚ ਭਾਈ ਸਾਹਿਬ ਮਨੀ ਸਿੰਘ ਜੀ ਸ਼ਹੀਦ ਲਿਖਦੇ ਹਨ ਕਿ ਜਦ ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਮੰਨ ਕੇ ਪ੍ਰਚਾਰ-ਦੌਰਿਆਂ ਲਈ ਪਹਿਲੀ ਵਾਰ ਤੁਰਨ ਲੱਗੇ ਤਾਂ ਗੁਰੂ ਪਾਤਸ਼ਾਹ ਤੋਂ ਭਾਈ ਮਰਦਾਨਾ ਜੀ ਨੇ ਉਪਦੇਸ਼ ਮੰਗਿਆ ਤਾਂ ਸਾਹਿਬਾਂ ਨੇ ਕਿਹਾ :

(੧) ਕੇਸ਼ ਨਹੀਂ ਕਟਵਾਉਣੇ।
(੨) ਪਿਛਲੀ ਰਾਤ ਉੱਠ ਕੇ ਪ੍ਰਭੂ ਦਾ ਨਾਮ ਜਪਣਾ।
(੩) ਆਏ ਗਏ ਭਲੇ ਪੁਰਸ਼ ਦੀ ਸੇਵਾ ਕਰਨੀ।

ਇਥੇ ਹੀ ਬੱਸ ਨਹੀਂ, ਧਰਮੀ ਹਕੀਕਤ ਰਾਏ (ਸ਼ਹੀਦ) ਜੀ ਦੇ ਦਾਦਾ, ਭਾਈ ਨੰਦ ਲਾਲ ਜੀ ਪੁਰੀ ਜਦੋਂ ਸਤਵੇਂ ਗੁਰੂ, ਸ੍ਰੀ ਗੁਰੂ ਹਰਿ ਰਾਇ ਜੀ ਪਾਸ ਦਰਸ਼ਨ ਕਰਨ ਲਈ ਪਿੰਡ ਗਲੋਟੀਆਂ ਖ਼ੁਰਦ ਆਏ ਤਾਂ ਉਪਦੇਸ਼ ਮੰਗਣ ਤੇ ਮਹਾਰਾਜ ਨੇ ਇਹ ਕਿਹਾ ਸੀ :

(੧) ਕੇਸ ਨ ਕਟਵਾਉਣੇ। (੨) ਤੰਬਾਕੂ ਨਹੀਂ ਪੀਣਾ। (੩) ਟੋਪੀ ਨਹੀਂ ਪਹਿਨਣੀ।

ਉਪਰ ਬਿਆਨ ਕੀਤੇ ਗਏ ਗੁਰੂ-ਹੁਕਮਾਂ ਤੋਂ ਸਪੱਸ਼ਟ ਹੈ ਕਿ ਹਰ ਸਿੱਖ ਲਈ ਕੇਸ ਸਾਬਤ ਸੂਰਤ ਰੱਖਣੇ ਕਿੰਨੇ ਜ਼ਰੂਰੀ ਹਨ। ਗੁਰੂ ਕਾਲ ਦੇ ਸਿੱਖ ਇਤਿਹਾਸ ਵਿੱਚ ਕਿਧਰੇ ਵੀ ਕੋਈ ਐਸੀ ਮਿਸਾਲ ਨਹੀਂ ਮਿਲਦੀ ਕਿ ਕਿਸੇ ਸਿੱਖ ਨੇ ਦਾੜ੍ਹੀ ਜਾਂ ਕੇਸਾਂ ਦੀ ਬੇਅਦਬੀ ਕੀਤੀ ਹੋਵੇ। ਇਤਿਹਾਸ ਵਿਚ ਜਿੰਨੀਆਂ ਵੀ ਸ਼ਹੀਦੀਆਂ ਦਾ ਵਰਨਣ ਆਉਂਦਾ ਹੈ ਉਹਨਾਂ ਵਿਚੋਂ ਜ਼ਿਆਦਾਤਰ ਦਾ ਕਾਰਨ ਕੇਵਲ 'ਕੇਸ ਨ ਕਟਵਾਉਣੇ' ਹੀ ਹੁੰਦਾ ਸੀ। ਵਿਚਾਰੀਏ ਕਿ ਕੋਈ ਸਿੱਖ ਉਸ ਸਮੇਂ ਕੇਸ ਕਟਵਾ ਦਿੰਦਾ ਤਾਂ ਵੇਖਣ ਨੂੰ ਉਸ ਵਿਚ ਅਤੇ ਇਕ ਮੁਸਲਮਾਨ ਵਿਚ ਕੋਈ ਫ਼ਰਕ ਨਹੀਂ ਸੀ ਰਹਿ ਜਾਣਾ, ਅਰਥਾਤ, ਉਹ ਕੇਸ ਕਟਵਾ ਕੇ ਆਪਣੀ ਜਾਨ ਬਚਾ ਸਕਦੇ ਸਨ। ਪਰ ਨਹੀਂ, ਉਹਨਾਂ ਨੂੰ ਸਿੱਖੀ ਨਾਲ ਪਿਆਰ ਸੀ, ਗੁਰੂ ਨਾਲ ਪਿਆਰ ਸੀ, ਉਹ ਗੁਰੂ ਸਾਹਿਬਾਨ ਦੀਆਂ ਮਹਾਨ ਕੁਰਬਾਨੀਆਂ ਨਹੀਂ ਸਨ ਭੁਲੇ, ਜੋ ਕਿ ਉਹਨਾਂ ਨੇ ਸਾਡੇ ਵਾਸਤੇ ਕੀਤੀਆਂ ਸਨ। ਇਸ ਲਈ ਉਹਨਾਂ ਨੇ 'ਕੇਸ ਨ ਕਟਵਾਉਣੇ' ਦੇ ਗੁਰੂ-ਹੁਕਮ ਤੇ ਪਹਿਰਾ ਦਿੰਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਸਿੱਖੀ ਸਿਦਕ ਨਹੀਂ ਹਾਰਿਆ। ਉਹਨਾਂ ਸ਼ਹੀਦਾਂ ਨੂੰ ਹੀ ਆਪਾਂ ਰੋਜ਼ਾਨਾ ਅਰਦਾਸ ਵਿਚ ਯਾਦ ਕਰਦੇ ਹਾਂ। ਕਾਸ਼! ਇਹ ਯਾਦ ਸਾਡੇ ਮਨ ਵਿਚ ਵੀ ਵਸ ਜਾਵੇ।

ਦਸਮੇਸ਼ ਪਿਤਾ ਜੀ ਨੇ ਕੇਸਾਂ ਦੀ ਬੇਅਦਬੀ ਨੂੰ ਕੁਰਹਿਤ ਵਿਚ ਸ਼ਾਮਿਲ ਕੀਤਾ ਹੈ। ਯਾਦ ਰਹੇ ਕਿ ਕੁਰਹਿਤ ਕਰਨ ਵਾਲਾ ਸਿੱਖ, ਸਿੱਖ ਨਹੀਂ ਰਹਿੰਦਾ, ਸਗੋਂ ਪਤਿਤ ਹੋ ਜਾਂਦਾ ਹੈ, ਸਿੱਖੀ ਦਾਇਰੇ ਤੋਂ ਬਾਹਰ ਸਮਝਿਆ ਜਾਂਦਾ ਹੈ।

ਆਪਾਂ ਆਮ ਜ਼ਿੰਦਗੀ ਦੀ ਇਕ ਉਦਾਹਰਣ ਲੈ ਲੈਂਦੇ ਹਾਂ, ਕਿਤੇ ਸਾਡੇ ਕਿਸੇ ਭੈਣ-ਭਰਾ ਜਾਂ ਸਾਡਾ ਖ਼ੁਦ ਦਾ ਹੀ ਐਕਸੀਡੈਂਟ (ਦੁਰਘਟਨਾ) ਹੋ ਜਾਵੇ ਅਤੇ ਸਾਨੂੰ ਖ਼ੂਨ ਦੀ ਸਖ਼ਤ ਜ਼ਰੂਰਤ ਹੋਵੇ ਤਾਂ ਕੋਈ ਗੁਰੂ ਦਾ ਪਿਆਰਾ ਅਗਰ ਉਸ ਵੇਲੇ ਸਾਡੀ ਮਦਦ ਕਰ ਦੇਵੇ ਤਾਂ ਅਸੀਂ ਉਸ ਨੂੰ ਸਹਿਜੇ ਹੀ ਕਹਿ ਦਿੰਦੇ ਹਾਂ ਕਿ 'ਭਾਈ ਸਾਹਿਬ, ਮੈਂ ਤੁਹਾਡਾ ਇਹ ਅਹਿਸਾਨ ਜ਼ਿੰਦਗੀ ਭਰ ਨਹੀਂ ਭੁਲਾਵਾਂਗਾ।' ਪਰ ਜ਼ਰਾ ਵਿਚਾਰੀਏ ਕਿ ਉਸ ਆਦਮੀ ਨੇ ਤਾਂ ਕੇਵਲ ਇਕ ਬੋਤਲ ਖ਼ੂਨ ਦੀ ਦਿੱਤੀ ਹੈ ਤਾਂ ਅਸੀਂ ਉਸਨੂੰ ਇਹ ਕਹਿ ਦਿੱਤਾ, ਪਰ ਜਿਸ ਗੁਰੂ ਨੇ ਨ-ਕੇਵਲ ਆਪਣਾ ਹੀ,


www.AKJ.Org

ਬਲਕਿ ਆਪਣੇ ਮਾਤਾ ਪਿਤਾ ਅਤੇ ਚਾਰੇ ਪੁਤਰਾਂ ਦਾ ਸਾਰਾ ਹੀ ਖੂਨ ਸਾਡੇ ਲਈ ਨਿਛਾਵਰ ਕਰ ਦਿੱਤਾ, ਉਸ ਗੁਰੂ ਨੂੰ ਅਸੀਂ ਕਦੀ ਨਹੀਂ ਕਿਹਾ ਕਿ 'ਹੇ ਗੁਰੂ ਜੀ, ਮੈਂ ਆਪ ਜੀ ਦਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁਲਾਵਾਂਗਾ। ਕੀ ਅੱਜ ਅਸੀਂ ਇਹ ਮੁੱਲ ਤਾਰ ਰਹੇ ਹਾਂ ਉਹਨਾਂ ਦੀਆਂ ਕੁਰਬਾਨੀਆਂ ਦਾ ਕਿ ਉਹਨਾਂ ਵਲੋਂ ਦਿੱਤੀ ਗਈ ਪਿਆਰ ਦੀ ਨਿਸ਼ਾਨੀ' ਕੇਸ ਨੂੰ ਬੜੇ ਮਾਣ ਨਾਲ ਜਾ ਕੇ ਨਾਈ ਦੇ ਪੈਰਾਂ ਵਿੱਚ ਸੁੱਟ ਆਉਂਦੇ ਹਾਂ ਅਤੇ ਬਾਹਰ ਨਿਕਲ ਕੇ ਆਪਣੇ ਆਪ ਨੂੰ 'ਬੜਾ ਭਦਰ ਪੁਰਸ਼' ਸਮਝਦੇ ਹਾਂ। ਕਿੰਨੇ ਨੀਚ ਅਤੇ ਅਕ੍ਰਿਤਘਣ ਹੋ ਗਏ ਹਾਂ ਅਸੀਂ।

ਅੱਜ ਦਾ ਸਿੱਖ ਨੌਜਵਾਨ ਤਾਂ ਕੇਸ ਕਤਲ ਕਰਵਾ ਕੇ ਆਪਣੇ ਆਪ ਨੂੰ ਸਮਾਰਟ ਅਤੇ ਜੈਂਟਲਮੈਨ ਸਮਝਦਾ ਹੈ, ਪਰ ਆਉ ਦੇਖੀਏ ਕਿ ਵੀਹਵੀਂ ਸਦੀ ਦਾ ਇਕੋ ਇਕ ਲੋਕ ਪ੍ਰਿਯ ਲਿਖਾਰੀ, ਮਿ: ਤਿਆਨਬੀ, ਜਿਸ ਨੇ ਕਿ ਸਾਰੀ ਮਨੁੱਖਤਾ ਦਾ ਇਤਿਹਾਸ ੨੦ ਜਿਲਦਾਂ ਵਿੱਚ ਲਿਖਿਆ ਹੈ, ਉਸ ਦੇ ਇਸ ਪ੍ਰਥਾਏ ਕੀ ਵਿਚਾਰ ਹਨ।

ਇਕ ਵਾਰੀ ਇਕ ਅਮਰੀਕਨ ਔਰਤ ਨੇ ਮਿ: ਤਿਆਨਬੀ ਤੋਂ ਪੁਛਿਆ ਕਿ ਤੁਸੀਂ ਸਾਰੇ ਸੰਸਾਰ ਦੇ ਸਾਰੇ ਲੋਕਾਂ ਬਾਰੇ ਲਿਖਿਆ ਹੈ, ਇਕ-ਇਕ ਫ਼ਿਰਕੇ ਅਤੇ ਇਕ-ਇਕ ਜ਼ਾਤ ਦੇ ਬੰਦੇ ਨੂੰ ਮਿਲੇ ਹੋ, ਉਹਨਾਂ ਦੇ ਰੀਤੀ-ਰਿਵਾਜਾਂ ਆਧਾਰ ਤੇ ਹੋਰ ਧਾਰਮਿਕ ਫ਼ਲਸਫੇ ਨੂੰ ਜਾਣਿਆ, ਸਮਝਿਆ ਤੇ ਸੋਚ ਕੇ ਲਿਖਿਆ ਹੈ। ਇਸ ਤਜਰਬੇ ਦੇ ਆਧਾਰ ਤੇ ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ **ਦੁਨੀਆ ਵਿਚ ਸਭ ਤੋਂ ਸੁਹਣਾ ਮਨੁੱਖ ਕੌਣ ਹੈ।**

ਮਿਸਟਰ ਤਿਆਨਬੀ ਨੇ ਪਟੱਕ ਜਵਾਬ ਦਿਤਾ, '**ਖੁਲ੍ਹੀ ਦਾੜ੍ਹੀ ਵਾਲਾ ਗੁਰਸਿੱਖ**।'

ਔਰਤ ਇਹ ਸੁਣ ਕੇ ਹੈਰਾਨ ਰਹਿ ਗਈ ਤੇ ਨਾਲ ਲਗਦਿਆਂ ਹੀ ਉਸ ਦੂਸਰ ਸਵਾਲ ਕਰਦਿਆਂ ਇਹ ਪੁਛਿਆ ਕਿ ਇਹ ਵੀ ਦਸੋ ਦਿਉ ਕਿ :

**ਦੁਨੀਆ ਵਿਚ ਸਭ ਤੋਂ ਬਦਸੂਰਤ ਇਨਸਾਨ ਕਿਹੜਾ ਹੈ ?** ਮਿ: ਤਿਆਨਬੀ ਨੇ ਪਹਿਲੇ ਉਤਰ ਵਿਚ ਥੋੜ੍ਹੀ ਜਿਹੀ ਤਬਦੀਲੀ ਕਰਦਿਆਂ ਕਿਹਾ: **ਉਹ ਸਿੱਖ, ਜਿਸਨੇ ਕੇਸ ਦਾੜ੍ਹੀ ਮੁੰਨੀ ਹੋਈ ਹੈ।**'

ਹੁਣ ਫੈਸਲਾ ਤੁਹਾਡੇ ਹੱਥ ਹੈ ਕਿ ਤੁਸੀਂ.. ?

ਲਿਖਿਆ ਤਾਂ ਇਸ ਵਿਸ਼ੇ ਬਾਰੇ ਬਹੁਤ ਕੁਝ ਜਾ ਸਕਦਾ ਹੈ ਪਰ ਆਉ ਇਕ 'ਸੱਚੀ ਵਾਰਤਾ' ਨਾਲ ਇਸ ਲੇਖ ਦੀ ਸਮਾਪਤੀ ਕਰੀਏ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹਜ਼ਾਰਾਂ ਯਾਤਰੂ ਦਰਸ਼ਨਾਂ ਲਈ ਆਉਂਦੇ ਹਨ। ਪੱਛਮੀ ਦੇਸ਼ਾਂ ਤੋਂ ਵੀ ਆਏ ਯਾਤਰੂ ਉਦੋਂ ਤੱਕ ਆਪਣੀ ਭਾਰਤ-ਯਾਤਰਾ ਅਧੂਰੀ ਸਮਝਦੇ ਹਨ, ਜਦ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਨ ਕਰ ਲੈਣ। ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਅਤੇ ਸੁਗੰਧਤ ਵਾਤਾਵਰਣ ਵਿਚ, ਜਿਥੇ ਚੌਵੀ ਘੰਟੇ ਮਿਠੇ ਮਿਠੇ ਕੀਰਤਨ ਦੀ ਧੁਨੀ ਮਨ ਨੂੰ ਧੂਹ ਪਾਉਂਦੀ ਰਹਿੰਦੀ ਹੈ, ਸਮਝ ਨ ਆਉਣ ਤੇ ਵੀ ਉਹਨਾਂ ਨੂੰ ਇਕ ਅਜੀਬ ਜਿਹੀ ਸ਼ਾਂਤੀ ਮਿਲਦੀ ਹੈ। ਖਾਸ ਕਰ ਜਦੋਂ ਗਾਈਡ ਉਹਨਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਦਿਸ਼ਾਵਾਂ ਤੇ ਰਖੇ ਚਾਰ ਦਰਵਾਜ਼ਿਆਂ, ਜੋ ਹਰ ਮਜ਼੍ਹਬ, ਹਰ ਵਰਣ ਲਈ ਖੁਲ੍ਹੇ ਹਨ ਤੇ ਸਾਂਝੇ ਲੰਗਰ ਦੀ ਮਹਾਨਤਾ ਦਸਦਾ ਹੈ, ਜਿਥੇ ਰਾਜਾ-ਪਰਜਾ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਦੇ ਹਨ ਤਾਂ ਉਹ ਵੀ ਪ੍ਰਭਾਵਿਤ ਹੁੰਦੇ ਹਨ।

ਅੱਜ ਵੀ ਕਈ ਅੰਗਰੇਜ਼ ਯਾਤਰੂ ਸ੍ਰੀ ਹਰਿਮੰਦਰ ਸਾਹਿਬ ਆਏ ਹੋਏ ਸਨ ਤੇ ਦਰਸ਼ਨ ਕਰਕੇ ਤਨ-ਮਨ ਠੰਢਾ ਕਰ ਰਹੇ ਸਨ। ਉਹਨਾਂ ਨਾਲ ਗਾਈਡ ਫਿਰ ਰਿਹਾ ਸੀ। ਉਹਨਾਂ ਦੇ ਦਿਲ ਵਿਚ ਬਦੋ-ਬਦੀ ਸ਼ਰਧਾ ਦੇ ਭਾਵ ਜਾਗ ਰਹੇ ਸਨ।

ਉਹ ਪਾਰਟੀ 'ਸਿੱਖ ਅਜਾਇਬ ਘਰ' ਵਿਚ ਜਾ ਪੁੱਜੀ। ਕਿਤੇ ਸਿੰਘ ਜੰਗ ਵਿਚ ਲੜਦੇ ਸ਼ਹੀਦੀਆਂ ਪ੍ਰਾਪਤ ਕਰ ਰਹੇ ਹਨ, ਕਿਤੇ ਭਾਈ ਮਤੀ ਦਾਸ ਜੀ ਦੇ ਸਿਰ ਤੇ ਆਰਾ ਚਲ ਰਿਹਾ ਹੈ, ਕਿਤੇ ਦੋ ਮਾਸੂਮ ਨੀਹਾਂ ਵਿਚ ਚਿਣੇ ਜਾ ਰਹੇ ਹਨ, ਕਿਤੇ ਜ਼ਕਰੀਆ ਖਾਨ ਦੇ ਦਿਲ-ਕੰਬਾਊ ਜ਼ੁਲਮ, ਕਿਤੇ ਬੱਚੇ ਨੇਜ਼ਿਆਂ ਵਿਚ ਪਰੋਤੇ, ਕਿਤੇ ਮਾਵਾਂ ਦੇ ਗਲ ਆਪਣੇ ਹੀ ਬੱਚਿਆਂ ਦੇ ਟੁਕੜਿਆਂ ਦੇ ਹਾਰ, ਕਿਤੇ ਅੰਗਰੇਜ਼ ਦੇ ਹੁਕਮ ਨਾਲ ਗੱਡੀ ਨਾ ਰੁਕਣ ਤੇ ਫਿਰ ਛਾਤੀਆਂ ਡਾਹ ਕੇ ਗੱਡੀ ਰੋਕਣੀ, ਕਿਤੇ ਨਨਕਾਣਾ ਸਾਹਿਬ ਦਾ ਸਾਕਾ, ਸਿੰਘ ਜੀਉਂਦੇ ਸਾੜੇ ਜਾਣ ਅਤੇ


www.AKJ.Org

ਕਿਤੇ ਜੈਤੋ ਦਾ ਮੋਰਚਾ, ਘੋੜਿਆਂ ਹੇਠ ਲਿਤੜਦੇ ਸਿੱਖ, ਡਾਂਗਾਂ ਖਾਂਦੇ ਸਿੱਖ......। ਇਕ-ਇਕ ਤਸਵੀਰ ਜਿਵੇਂ ਸਿੱਖ ਇਤਿਹਾਸ ਦੇ ਪੱਤਰੇ ਫੋਲਦੀ ਜਾ ਰਹੀ ਹੋਵੇ।

ਹੈਰਾਨੀ ਦੀਆਂ ਮੂਰਤਾਂ ਬਣੀ ਸਭ ਅੰਗਰੇਜ਼ ਅੱਖਾਂ ਟੱਡੀ ਦੇਖ ਰਹੇ ਸਨ। ਇੰਨੀ ਛੋਟੀ ਕੌਮ, ਫਿਰ ਇੰਨੀ ਬਹਾਦਰ! ਕੁਰਬਾਨੀ ਦਾ ਇਤਨਾ ਜਜ਼ਬਾ। ਇਤਨੀਆਂ ਸ਼ਹੀਦੀਆਂ ਦੇਸ਼ ਲਈ, ਕੌਮ ਲਈ! ਇਕ ਪਾਸੇ ਪੰਜ ਸਾਲ ਦਾ ਮਸੂਮ ਸ਼ਹੀਦ ਸਾਹਿਬਜ਼ਾਦਾ ਫਤਿਹ ਸਿੰਘ ਤੇ ਇਕ ਪਾਸੇ ੭੫ ਸਾਲਾਂ ਦਾ ਬਜ਼ੁਰਗ ਸ਼ਹੀਦ ਬਾਬਾ ਦੀਪ ਸਿੰਘ। ਬੱਚੇ, ਜਵਾਨ, ਬੁੱਢੇ, ਔਰਤਾਂ ਸਭ ਸ਼ਹੀਦ। ਉਹ ਸੁੰਨ ਹੋਏ ਇਸ ਕੌਮ ਦੀਆਂ ਬੇਮਿਸਾਲ ਕੁਰਬਾਨੀਆਂ ਬਾਰੇ ਸੋਚ ਹੀ ਰਹੇ ਸਨ ਕਿ ਇਕ ਨਜ਼ਾਰਾ ਸਾਹਮਣੇ ਆਇਆ।

ਇਕ ਤਸਵੀਰ—ਸੁਹਣਾ ਸੁਣੱਖਾ ਗੱਭਰੂ, ਜਿਸ ਦੇ ਸਿਰ ਦਾ ਖੋਪਰ ਰੰਬੀਆਂ ਨਾਲ ਉਤਾਰਿਆ ਜਾ ਰਿਹਾ ਹੈ, ਲਹੂ ਦੀਆਂ ਧਾਰਾਂ ਅੱਖਾਂ ਮੂੰਹ ਉਤੋਂ ਦੀ ਹੁੰਦੀਆਂ ਹੋਈਆਂ ਉਸ ਦੇ ਬਾਕੀ ਸਰੀਰ ਉੱਤੇ ਗਿਰ ਰਹੀਆਂ ਹਨ, ਇਕ ਵਾਰੀ ਤਾਂ ਉਹ ਅੰਗਰੇਜ਼ ਕੰਬ ਉੱਠੇ।

ਹੈਂ! ਸਮੇਂ ਦੀ ਹਕੂਮਤ ਦਾ ਇੰਨਾ ਜ਼ੁਲਮ ਤੇ ਇੰਨਾ ਸਬਰ! ਉਹਨਾਂ ਗਾਈਡ ਤੋਂ ਹੋਰਨਾਂ ਸ਼ਹੀਦੀਆਂ ਵਾਂਗ ਇਸ ਸ਼ਹੀਦੀ ਦਾ ਕਾਰਨ ਵੀ ਪੁਛਿਆ ਤਾਂ ਪਤਾ ਲੱਗਾ ਕਿ ਇਹ ਹਨ ਸਿੱਖ ਕੌਮ ਦੇ ਅਮਰ ਸ਼ਹੀਦ ਭਾਈ ਤਾਰੂ ਸਿੰਘ ਜੀ, ਜਿਨ੍ਹਾਂ ਨੂੰ ਕੇਸ ਕਤਲ ਕਰਵਾਉਣ ਬਦਲੇ ਬੇਗਮਾਂ, ਹੂਰਾਂ ਦੇ ਲਾਲਚ ਦਿਤੇ ਗਏ, ਤਖ਼ਤੋ-ਤਾਜ ਦੀ ਪੇਸ਼ਕਸ਼ ਕੀਤੀ ਗਈ, ਇਕ ਵਾਰੀ ਸਿੱਖ ਧਰਮ ਛੱਡ ਕੇ ਦੀਨ ਕਬੂਲ ਕਰ ਲਵੋ ਤੇ ਕੇਸ ਕਤਲ ਕਰਵਾ ਦਿਉ। ਪਰ ਭਾਈ ਸਾਹਿਬ ਨੇ ਇਹ ਸਭ ਕੁਝ ਜੁੱਤੀ ਦੀ ਠੋਕਰ ਨਾਲ ਠੁਕਰਾ ਦਿਤਾ ਤੇ ਦੂਜਾ ਰਸਤਾ ਅਖ਼ਤਿਆਰ ਕੀਤਾ ਅਰਥਾਤ, **ਕੇਸ ਨਹੀਂ ਕਤਲ ਕਰਾਏ, ਸਿਰ ਦਾ ਖੋਪਰ ਉਤਰਵਾ ਲਿਆ।**

ਅੰਗਰੇਜ਼ ਯਾਤਰੀ ਹੋਰ ਵੀ ਹੈਰਾਨ ਹੋਏ ਕਿ ਸਿਰਫ਼ ਕੇਸਾਂ ਪਿਛੇ ਇਤਨੀ ਵੱਡੀ ਕੁਰਬਾਨੀ। 'ਕੇਸ' ਕਿਸੇ ਦੇ ਧਰਮ ਵਿਚ ਇੰਨੀ ਵੱਡੀ ਮਹੱਤਤਾ ਰੱਖਦੇ ਹੋਣਗੇ, ਇਹ ਉਹਨਾਂ ਕਦੇ ਸੋਚਿਆ ਤੱਕ ਨਹੀਂ ਸੀ। ਆਪਣੇ ਆਪ ਉਹਨਾਂ ਨੇ ਸਿਰ ਝੁਕਾਇਆ ਉਹਨਾਂ ਮਹਾਨ ਸ਼ਹੀਦਾਂ ਨੂੰ, ਉਸ ਨੌਜਵਾਨ ਸ਼ਹੀਦ ਭਾਈ ਤਾਰੂ ਸਿੰਘ ਦੇ ਪਵਿੱਤਰ ਕੇਸਾਂ ਨੂੰ। ਗਾਈਡ ਦਾ ਸਿਰ ਮਾਣ ਨਾਲ ਉੱਚਾ ਸੀ।

ਗਾਈਡ ਅਗਲੀ ਤਸਵੀਰ ਬਾਰੇ ਕੁਝ ਦੱਸਣ ਲਈ ਅੱਗੇ ਵਧਿਆ ਹੀ ਸੀ ਕਿ ਇਕ ਨੌਜਵਾਨ ਅੰਦਰ ਦਾਖ਼ਿਲ ਹੋਇਆ। ਸਿਰ ਤੇ ਸੋਹਣੀ ਪੱਗ, ਪਰ ਦਾੜ੍ਹੀ ਕੱਟੀ ਹੋਈ। ਭਾਈ ਤਾਰੂ ਸਿੰਘ ਦੀ ਸ਼ਹੀਦੀ ਵਾਲੀ ਤਸਵੀਰ ਅੱਗੇ ਆ ਖੜ੍ਹਿਆ। ਅੰਗਰੇਜ਼ ਯਾਤਰੂ ਕਦੀ ਭਾਈ ਤਾਰੂ ਸਿੰਘ ਦੀ ਕੇਸਾਂ ਬਦਲੇ ਖੋਪਰ ਲਹਿੰਦਿਆਂ ਵਾਲੀ ਤਸਵੀਰ ਵੇਖਦੇ, ਕਦੀ ਉਸ ਸਿੱਖ ਨੌਜਵਾਨ ਦੀ ਕੱਟੀ ਹੋਈ ਦਾੜ੍ਹੀ ਵੱਲ ਤੇ ਕਦੀ ਹੈਰਾਨੀ ਭਰੇ ਚਿਹਰੇ ਤੇ ਪ੍ਰਸ਼ਨ ਸੂਚਕ ਅੱਖਾਂ ਨਾਲ ਗਾਈਡ ਵੱਲ। ਹੁਣ ਗਾਈਡ ਦਾ ਸਿਰ ਨੀਵਾਂ ਸੀ।

ਬੜੀ ਤਰਸ ਯੋਗ ਹਾਲਤ ਬਣ ਗਈ ਹੈ ਅਜ ਕੌਮ ਦੀ। ਲੋੜ ਹੈ ਵੱਡੇ ਪੱਧਰ ਤੇ ਕੋਈ ਉਪਰਾਲਾ ਕੀਤਾ ਜਾਵੇ। ਸਾਰੀਆਂ ਧਾਰਮਿਕ ਤੇ ਰਾਜਸੀ ਜਥੇਬੰਦੀਆਂ ਵਲੋਂ ਮਿਲ ਕੇ 'ਕੇਸ-ਗੁਰੂ ਦੀ ਮੋਹਰ' ਹਫਤਾ ਮਨਾਇਆ ਜਾਵੇ। ਇਸ ਦੌਰਾਨ ਕੇਸਾਂ ਦੀ ਮਹਾਨਤਾ ਸੰਬੰਧੀ ਫ੍ਰੀ ਲਿਟਰੇਚਰ ਵੰਡਿਆ ਜਾਵੇ, ਸੈਮੀਨਾਰ ਕੀਤੇ ਜਾਣ, ਸਕੂਲ, ਅਤੇ ਕਾਲਜਾਂ ਵਿਚ ਕੇਸਾਂ ਸੰਬੰਧੀ ਲੈਕਚਰ ਅਤੇ ਕਵਿਤਾ-ਮੁਕਾਬਲੇ ਕਰਵਾਏ ਜਾਣ। ਅੱਜ ਲੋੜ ਹੈ ਕੁਝ ਕਰਨ ਦੀ, ਨਹੀਂ ਤਾਂ ਕਲ੍ਹ ਨੂੰ ਬਹੁਤ ਦੇਰ ਹੋ ਜਾਵੇਗੀ ਅਤੇ ਫਿਰ ਸਿਵਾਏ ਪਛਤਾਉਣ ਦੇ ਸਾਡੇ ਕੋਲ ਕੁਝ ਨਹੀਂ ਰਹਿ ਜਾਏਗਾ। ਇਸ ਕੀਟ ਦੀ ਆਪ ਸਭ ਅੱਗੇ ਹੱਥ ਜੋੜ ਕੇ ਬੇਨਤੀ ਹੈ ਕਿ ਪੰਥ ਦਰਦੀਓ, ਕੁਝ ਕਰੋ! ਪੰਥ ਦਰਦੀਓ, ਕੁਝ ਜ਼ਰੂਰ ਕਰੋ!



www.AKJ.Org

# ਭਾਈ ਕਰਤਾਰ ਸਿੰਘ ਜੀ ਕੈਨੇਡੀਅਨ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਇਹ ਵੀਰ ਛੋਟੀ ਉਮਰ ਵਿਚ ੧੭ ਸਾਲ ਦੀ ਉਮਰੇ ਹੀ ਕੈਨੇਡਾ ਨੂੰ ਚਲੇ ਗਏ ਸਨ। ਪੂਰਬਲੇ ਜਨਮਾਂ ਦੇ ਹੀ ਸਤਿਸੰਗੀ ਸੁਭਾਅ ਵਾਲੇ ਮਰਜੀਵੜੇ ਸਨ। ਕੈਨੇਡਾ ਜੈਸੇ ਬਦੇਸ਼ਾਂ ਵਿਚ ਪਹੁੰਚ ਕੇ ਭੀ ਇਨ੍ਹਾਂ ਨੂੰ ਗੁਰਦਵਾਰਾ ਵੈਨਕੋਵਰ ਦੇ ਭਾਈ ਵਰਿਆਮ ਸਿੰਘ ਸਾਰਖੇ ਅਨਿੰਨ ਗੁਰਮੁਖ ਸਿੰਘਾਂ ਦਾ ਸਤਿਸੰਗ ਪ੍ਰਾਪਤ ਰਿਹਾ। ਇਸ ਕਰਕੇ ਆਪ ਕੇ ਪ੍ਰਮਾਰਥੀ ਔਜ ਤੋਂ ਇਕ ਨਿਮਖ ਭੀ ਢਿਲੇ ਨਹੀਂ ਹੋਏ, ਹਰ ਦਮ ਚੜ੍ਹਦੀ ਕਲਾ ਵਿਚ ਹੀ ਰਹੇ। ਪਰ-ਉਪਕਾਰ ਤੇ ਧਾਰਮਿਕ ਕੰਮਾਂ ਵਿਚ ਸਭ ਤੋਂ ਮੂਹਰੇ ਹੋ ਕੇ ਹਿੱਸਾ ਲਿਆ ਕਰਦੇ ਸਨ। ਜਦੋਂ ਕਾਮਾਗਾਟਾ ਮਾਰੂ ਜਹਾਜ਼ ਵੈਨਕੋਵਰ ਨੂੰ ਗਿਆ ਹੈ, ਸੈਂਕੜੇ ਹੀ ਸਿੰਘਾਂ ਨੂੰ ਸਵਾਰ ਕਰਾ ਕੇ, ਤਾਂ ਇਸ ਜਹਾਜ਼ ਨੂੰ ਕੈਨੇਡੀਅਨ ਗੋਰੀ ਸਰਕਾਰ ਦੇ ਜਰਵਾਣਿਆਂ ਨੇ ਕਿਨਾਰੇ ਨਹੀਂ ਲੱਗਣ ਦਿਤਾ, ਮਹੀਨਿਆਂ ਬੱਧੀ ਹੀ ਕਿਨਾਰੇ ਤੋਂ ਦੂਰ ਸਮੁੰਦਰ ਵਿਚ ਹੀ ਖੜਾ ਰਿਹਾ, ਤਾਂ ਉਸ ਸਮੇਂ ਜੋ ਭਾਈ ਕਰਤਾਰ ਸਿੰਘ ਜੀ ਨੇ ਅਣ-ਥੱਕ ਸੇਵਾ ਕੀਤੀ ਹੈ, ਓਹ ਬੜੀ ਅਨੋਖੀ ਹੈ।

ਵੈਨਕੋਵਰ ਖਾਲਸਾ ਦੀਵਾਨ ਤੇ ਗੁਰਦਵਾਰੇ ਦੇ ਰੁਕਨਾਂ ਵਿਚ ਗੰਭੀਰ ਤੇ ਗੁੱਝਾ ਹਿੱਸਾ ਲੈਣ ਵਾਲੇ ਇਹ ਵੀਰ ਸਨ। ਵੈਨਕੋਵਰ ਦੇ ਸਤਸੰਗੀ ਸੱਜਣਾਂ ਵਿਚੋਂ ਅੰਗਰੇਜ਼ੀ ਜ਼ਬਾਨ ਜਾਨਣ ਵਾਲੇ ਤੇ ਬੋਲਣ ਵਾਲੇ ਭਾਈ ਕਰਤਾਰ ਸਿੰਘ ਜੀ ਖ਼ਾਸੇ ਮਾਹਿਰ ਸਨ। ਦੁਭਾਸ਼ੀਏ ਮਿਸਟਰ ਹਾਪਕਿਨਸਨ ਨੂੰ ਆਪਣੀ ਬੋਲ-ਚਾਲ ਵਿਚ ਐਸਾ ਕਾਇਲ ਕਰ ਲਿਆ ਕਰਦੇ ਸਨ ਕਿ ਹਾਪਕਿਨਸਨ ਕਦੇ ਬੋਲਣ ਜੋਗਾ ਨਹੀਂ ਰਹਿੰਦਾ ਸੀ। ਜੋ ਜੋ ਉਪਕਾਰ ਭਾਈ ਕਰਤਾਰ ਸਿੰਘ ਜੀ ਨੇ ਵੈਨਕੋਵਰ ਵਿਚ ਰਹਿ ਕੇ ਕੀਤੇ, ਉਹ ਕਿਸੇ ਨੂੰ ਦਿਖਾ ਕੇ ਨਹੀਂ ਕੀਤੇ, ਨਿਰੋਲ ਗੁਰੂ ਦੀਆਂ ਖ਼ੁਸ਼ੀਆਂ ਲੈਣ ਕਰਕੇ ਕੀਤੇ। ਹਾਪਕਿਨਸਨ ਨੇ ਵੈਨਕੋਵਰ ਨਿਵਾਸੀ ਬੜੇ ਬੜੇ ਉਪਕਾਰੀ ਸਿੰਘਾਂ ਤੇ ਮੁਕੱਦਮੇ ਚਲਾਏ ਤੇ ਉਨ੍ਹਾਂ ਨੂੰ ਕਤਲ ਕਰਵਾਇਆ। ਭਾਈ ਕਰਤਾਰ ਸਿੰਘ ਜੀ ਐਸੇ ਸਰਕਾਰ ਦੇ ਮੂੰਹ ਲਗੇ ਸੂਹੀਆਂ ਨੂੰ ਸੋਧਣੋਂ ਕਦੇ ਵੀ ਝਿਜਕਦੇ ਨਹੀਂ ਸਨ। ਨਿਰਭੈਤਾ ਉਨ੍ਹਾਂ ਦੇ ਸੁਭਾਉ ਦਾ ਉੱਘਾ ਅੰਗ ਸੀ, ਸੋਧਣ ਲਗੇ ਕਿਸੇ ਦਾ ਲਿਹਾਜ਼ ਮੁਲਾਹਜ਼ਾ ਨਹੀਂ ਰਖਦੇ ਸਨ। ਓੜਕ ਇਹ ਨਜ਼ਰਬੰਦਾਂ ਦੇ ਵਿਚ ਬੰਦ ਹੋਣ ਕਾਰਨ ਦੇਸ਼ ਪੰਜਾਬ ਵਿਚ ਵਾਪਸ ਆ ਗਏ, ਹੋਰਨਾਂ ਵੀਰਾਂ ਸਮੇਤ। ਇਥੇ ਆਵਣ ਸਾਰ ਹੀ ਇਨ੍ਹਾਂ ਉਤੇ ਪਿਛਲਾ ਕੈਨੇਡਾ ਦਾ ਹੀ ਕੋਈ ਮੁਕੱਦਮਾ ਚਲਾ ਦਿਤਾ ਅਤੇ ਤੀਜੇ ਲਾਹੌਰ ਸਾਜ਼ਸ਼ ਕੇਸ ਵਿਚ ਭਾਈ ਕਰਤਾਰ ਸਿੰਘ ਅਤੇ ਬਲਵੰਤ ਸਿੰਘ ਦੁਆਬਾ ਨਿਵਾਸੀ ਆਦਿ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਭਾਈ ਬਲਵੰਤ ਸਿੰਘ ਜੀ ਆਦਿ ਪੰਜ ਸੱਜਣ ਤਾਂ ਫਾਂਸੀ ਲਾ ਹੀ ਦਿਤੇ ਗਏ। ਭਾਈ ਕਰਤਾਰ ਸਿੰਘ ਜੀ ਦੀ ਫਾਂਸੀ ਟੁਟ ਕੇ ਉਮਰ-ਕੈਦ ਰਹਿ ਗਈ। ਸਾਨੂੰ ਆ ਕੇ ਹਜ਼ਾਰੀ ਬਾਗ ਜੇਲ੍ਹ ਵਿਚ ਹੀ ਮਿਲੇ ਸਨ। ਮੁਲਾਕਾਤ ਹੋਣ ਸਾਰ ਇਹ ਐਸੇ ਮਿਲੇ, ਮਿਲ ਕੇ ਫੇਰ ਵਿਛੜੇ ਨਹੀਂ। ਕੋਈ ਵਿਛੜੀ ਹੋਈ ਰੂਹ ਹੀ ਸੀ, ਜਿਸ ਦੇ ਪਹਿਲੇ ਦਰਸ਼ਨ ਹਜ਼ਾਰੀ ਬਾਗ ਜੇਲ੍ਹ ਵਿਚ ਹੀ ਹੋਏ ਸਨ, ਗੁਰਮਤਿ ਖ਼ਿਆਲਾਂ ਦੀ ਅਵਧੀ ਹੋਣ ਕਰਕੇ ਭਾਈ ਕਰਤਾਰ ਸਿੰਘ ਜੀ ਦਾ ਸਾਡੇ ਨਾਲ ਛੇਤੀ ਹੀ ਗੁਰਮਤਿ ਸਨੇਹ ਹੋ ਗਿਆ। ਐਸਾ ਹੋਇਆ ਕਿ ਹੋਇਆ ਹੀ ਰਿਹਾ।

ਇਨ੍ਹਾਂ ਦੀ ਜਨਮ-ਭੂਮੀ ਵਾਲੇ ਪਿੰਡ ਦਾ ਨਾਉਂ ਨਵਾਂ ਚੰਦ, ਜ਼ਿਲ੍ਹਾ ਫ਼ੀਰੋਜ਼ਪੁਰ ਹੈ। ਸਰਾਭੇ ਵਾਲੇ ਸ: ਕਰਤਾਰ ਸਿੰਘ ਹੋਰ ਹਨ, ਜੋ ਪਹਿਲੇ ਸਾਜ਼ਸ਼ ਕੇਸ ਵਿਚ ਫਾਂਸੀ ਲੱਗ ਚੁਕੇ ਹਨ। ਇਹ ਨਵੇਂ ਚੰਦ ਵਾਲੇ ਵੀਰ ਕਰਤਾਰ ਸਿੰਘ ਛੋਟੀ ਅਵਸਥਾ ਵਿਚ ਹੀ ਵੈਨਕੋਵਰ ਨੂੰ ਪਧਾਰ ਗਏ ਸਨ। ਇਨ੍ਹਾਂ ਦੇ ਜਾਣ ਤੋਂ ਪਹਿਲਾਂ ਇਨ੍ਹਾਂ ਦੀ ਮੰਗਣੀ ਹੋ ਚੁਕੀ ਸੀ, ਪਰ ਵੈਨਕੋਵਰ ਪੁਜ ਕੇ ਇਨ੍ਹਾਂ ਨੇ ਆਪਣੇ ਘਰ ਵਾਲਿਆਂ ਨੂੰ ਲਿਖ ਦਿਤਾ ਕਿ ਅਸੀਂ ਵਿਆਹ ਨਹੀਂ ਕਰਵਾਉਣਾ, ਮੇਰੀ ਮੰਗ ਦੀ ਸ਼ਾਦੀ ਮੇਰੇ ਵੀਰ ਨਾਲ ਕਰ ਦਿਓ। ਸੋ ਉਨ੍ਹਾਂ ਕਰ ਦਿਤੀ ਹੋਈ ਸੀ। ਸਾਰੀ ਉਮਰ ਹੀ ਬਾਲ-ਜਤੀ ਰਹੇ ਅਤੇ ਤਿਆਰ-ਬਰ-ਤਿਆਰ ਸਿੰਘ ਸਜੇ ਰਹੇ। ਪਰਉਪਕਾਰ ਦਾ ਮਾਦਾ



www.AKJ.Org

ਕੁਟ ਕੁਟ ਕੇ ਇਨ੍ਹਾਂ ਦੇ ਰਗੋ ਰੇਸ਼ੇ ਵਿਚ ਭਰਿਆ ਹੋਇਆ ਸੀ, ਦੇਸ਼-ਭਗਤੀ ਵਿਚ ਪੂਰੇ ਸੂਰੇ ਸਨ। ਪਰ ਗੁਪਤ ਹੀ ਵਰਤਦੇ ਸਨ, ਕਿਸੇ ਨੂੰ ਜਣਾਉਂਦੇ ਲਖਾਉਂਦੇ ਨਹੀਂ ਸਨ। ਅੰਦਰਲਾ ਤਬੀਅਤੀ ਮੈਲਾਨ (ਝੁਕਾਉ) ਇਸ ਵੀਰ ਦਾ ਨਿਰੋਲ ਪ੍ਰਮਾਰਥ-ਮਈ ਗੁਰਮਤਿ ਨਿਸਚੇ ਅਸੂਲਾਂ ਵਲ ਸੀ। ਏਸੇ ਕਰਕੇ ਜੋ ਕੁਝ ਵੀ ਭਗਤੀ ਭਾਵ ਤੇ ਦੇਸ਼-ਭਗਤੀ ਦਾ ਕੰਮ ਕਾਜ ਕਰਦੇ ਸਨ, ਉਹ ਨਿਰੋਲ ਗੁਰੂ ਪ੍ਰਾਇਣ ਹੋ ਕੇ ਕਰਦੇ ਸਨ; ਆਪਾ ਨਹੀਂ ਜਣਾਉਂਦੇ ਸਨ। ਸਾਡਾ ਇਸ ਵੀਰ ਕਰਤਾਰ ਸਿੰਘ ਜੀ ਦੇ ਨਾਲ ਜਦੋਂ ਵਾਹ ਪਿਆ, ਫਿਰ ਪੈ ਕੇ ਪਿਆ ਹੀ ਰਿਹਾ, ਤੋੜ ਤਾਈਂ ਨਿਭਾਈ ਤੇ ਖ਼ੂਬ ਨਿਭਾਈ। ਹਜ਼ਾਰੀ ਬਾਗ ਜੇਲ੍ਹ ਵਿਚੋਂ ਅਸਾਡੇ ਨਾਲ ਹੀ ਇਸ ਵੀਰ ਦਾ ਚਲਾਨ ਰਾਜ ਮੰਦਰੀ (ਸੂਬਾ ਮਦਰਾਸ) ਜੇਲ੍ਹ ਵਿਚ ਹੋ ਗਿਆ। ਰਾਜ ਮੰਦਰੀ ਤੋਂ ਨਾਗਪੁਰ ਜੇਲ੍ਹ ਵਿਚ ਭੀ ਸਾਡਾ ਇਕੱਠਿਆਂ ਦਾ ਹੀ ਚਲਾਨ ਹੋਇਆ। ਨਾਗਪੁਰ ਤੋਂ ਵਾਪਸ ਲਾਹੌਰ ਜੇਲ੍ਹ ਵਿਚ ਚਾਹੇ ਅਸੀਂ ਅਗੜ ਪਿਛੜ ਹੀ ਪੁਜੇ, ਪਰ ਜਿਤਨਾ ਚਿਰ ਉਥੇ ਰਹੇ, ਇਕੱਠੇ ਹੀ ਰਹੇ। 'ਜੇਲ੍ਹ ਚਿੱਠੀਆਂ' ਵਿਚ ਇਸ ਵੀਰ ਦਾ ਜ਼ਿਕਰ ਬਹੁਤ ਆਇਆ ਹੈ।

ਗੁਰਬਾਣੀ ਇਨ੍ਹਾਂ ਦੇ ਬਹੁਤ ਕੰਠਾਗਰ ਸੀ। ਸ੍ਰੀ ਸੁਖਮਨੀ ਸਾਹਿਬ, ਸੁਖਮਨਾ ਸਾਹਿਬ ਦਾ ਪਾਠ ਸਾਨੂੰ ਸੁਣਾਂਵਦੇ ਸੁਣਾਂਵਦੇ ਹੀ ਸਮਾਧ-ਸਿਥਿਤ ਹੋ ਜਾਂਦੇ ਸਨ। ਸਾਡੇ ਘਰ-ਬਾਰੀ ਤਲਕਾਤ ਦੇ ਗੂੜ੍ਹੇ ਵਾਕਫ਼ਕਾਰ ਸਨ ਅਤੇ ਸਾਡੇ ਸਾਰੇ ਪਰਵਾਰ ਜਨਾਂ ਜਥੇ ਦੇ ਅਣਡਿਠੇ ਸਜਣਾਂ ਮਿਤਰਾਂ ਨਾਲ ਇਉਂ ਪਿਆਰ ਦਾ ਇਜ਼ਹਾਰ ਕਰਿਆ ਕਰਦੇ ਸਨ, ਜਿਵੇਂ ਚਿਰਾਂ ਤੋਂ ਹੀ ਇਨ੍ਹਾਂ ਦੇ ਵਾਕਫ਼ ਹੁੰਦੇ ਹਨ। ਇਨ੍ਹਾਂ ਦੇ ਪ੍ਰਮਾਰਥੀ ਹੇਲ ਮੇਲ ਨੇ, ਜਿੰਨਾ ਚਿਰ ਵੀ ਅਸੀਂ ਇਨ੍ਹਾਂ ਦੇ ਸੰਗ ਸਾਥ ਜੇਲ੍ਹ ਵਿਚ ਰਹੇ, ਬੜਾ ਹੀ ਗੂੜ੍ਹਾ ਨਿਕਟਵਰਤੀ ਰੰਗ ਲਾਈ ਰਖਿਆ। ਭਾਣੇ ਅੰਦਰ ੧੯੩੦ ਵਿਚ ਅਸੀਂ ਤਾਂ ਲਾਹੌਰ ਜੇਲ੍ਹ ਵਿਚੋਂ ਰਿਹਾ ਹੋ ਕੇ ਬਾਹਰ ਆ ਗਏ, ਇਹ ਅਜੇ ਹੋਰ ਕਈ ਸਾਲ ਜੇਲ੍ਹਾਂ ਅੰਦਰ ਹੀ ਰਹੇ। ਪਰ ਜੇਲ੍ਹਾਂ ਅੰਦਰ ਰਹਿੰਦੇ ਹੋਏ ਵੀ ਇਨ੍ਹਾਂ ਦੀ ਆਤਮਾ ਅਸਾਡੇ ਨਾਲ ਹੀ ਬਾਹਰ ਰਹਿੰਦੀ ਸੀ। ਓੜਕ ਮਿੰਟਗੁਮਰੀ ਜੇਲ੍ਹ ਵਿਚੋਂ ਰਿਹਾ ਹੋ ਕੇ ਇਹ ਸਾਨੂੰ ਸਾਮਰਤਖ ਹੀ ਬਾਹਰ ਆ ਮਿਲੇ। ਮਿੰਟਗੁਮਰੀ ਜੇਲ੍ਹ ਤੋਂ ਕੁਝ ਚਿਰ ਇਹ ਬਾਹਰ ਨਜ਼ਰਬੰਦ ਦੇ ਤੌਰ ਤੇ ਭੀ ਰਹੇ। ਖੁਲ੍ਹੀ ਮੁਲਾਕਾਤ ਤੇ ਬਾਹਰਵਾਰ ਆਵਾਜਾਈ ਖੁਲ੍ਹੀ ਹੋ ਜਾਂਦੀ ਹੈ। ਸਾਡੇ ਭਤੀਜੇ ਭਾਈ ਸੱਜਣ ਸਿੰਘ ਜੀ ਅਤੇ ਉਨ੍ਹਾਂ ਦੇ ਪਰਵਾਰ ਨਾਲ ਭਾਈ ਕਰਤਾਰ ਸਿੰਘ ਜੀ ਦੀਆਂ ਪੀਡੀਆਂ ਪਿਆਰ-ਗੰਢਾਂ ਮਿੰਟਗੁਮਰੀ ਰਹਿੰਦਿਆਂ ਹੀ ਪੈ ਗਈਆਂ ਸਨ, ਐਸੀਆਂ ਪਈਆਂ ਕਿ ਜੇਲ੍ਹ ਤੋਂ ਪੂਰੀ ਆਜ਼ਾਦੀ ਵਾਲੀ ਰਿਹਾਈ ਪਾਣ ਪਰ, ਫੇਰ ਭੀ ਇਹ ਭਤੀਜ ਸੱਜਣ ਸਿੰਘ ਦੇ ਪਾਸ ਹੀ ਮਿੰਟ-ਗੁਮਰੀ ਰਹੇ ਤੇ ਇਨ੍ਹਾਂ ਦੇ ਪਰਵਾਰ ਨਾਲ ਖ਼ੂਬ ਸ਼ੀਰ ਸ਼ਕਰ ਹੋ ਕੇ ਰਹੇ। ਵੀਰ ਕਰਤਾਰ ਸਿੰਘ ਜੀ ਦੀ ਹੈਸੀਅਤ ਪਰ ਭਤੀਜ ਸੱਜਣ ਸਿੰਘ ਜੀ ਦੇ ਸਾਰੇ ਪਰਵਾਰ ਨੂੰ ਐਸਾ ਯਕੀਨ ਨਿਸਚਾ ਆ ਗਿਆ ਹੋਇਆ ਸੀ ਕਿ ਘਰ ਦੇ ਸਾਰੇ ਕਾਰੋਬਾਰ ਦੇ ਪ੍ਰਬੰਧ ਦਾ ਕੁੱਲੀ ਮੁਖਤਿਆਰ ਭਾਈ ਕਰਤਾਰ ਸਿੰਘ ਜੀ ਨੂੰ ਹੀ ਬਣਾ ਦਿਤਾ ਗਿਆ ਸੀ, ਇਕ ਮਿੰਟ ਵੀ ਪਰਸਪਰ ਵਿਸਾਹ ਨਹੀਂ ਕਰਦੇ ਰਹੇ। ਉਥੇ ਬੈਠਿਆਂ ਹੀ ਅੰਤਰ ਆਤਮੇ ਸਾਡੇ ਨਾਲ ਜੁੜੇ ਰਹਿੰਦੇ ਸਨ, ਪਲ ਪਲ ਖਿਚ ਪੈਣ ਤੇ ਜਦੋਂ ਸਾਡੇ ਪਾਸ ਹੀ ਢੁਕ ਕੇ ਆ ਜੁੜੇ, ਫਿਰ ਜੁੜ ਕੇ ਕਦੇ ਵਿਛੜੇ ਨਹੀਂ।

ਸਾਡੇ ਇਸ ਜਥੇ ਦੇ ਉਘੇ ਉਘੇ ਸਜਣ ਵੀਰਾਂ ਨਾਲ ਇਨ੍ਹਾਂ ਦਾ ਸਾਂਝਾ ਵਾਸਤਾ ਐਸਾ ਪੈ ਗਿਆ ਕਿ ਸਭ ਸੱਜਣ ਹੀ ਇਸ ਵੀਰ ਕਰਤਾਰ ਸਿੰਘ ਜੀ ਨੂੰ ਆਪਣਾ ਵੀਰ ਹੀ ਜਾਣਿਆ ਕਰਦੇ ਸਨ। ਬਾਹਰ ਆਪਣੇ ਵੀਰ ਕਰਤਾਰ ਸਿੰਘ ਜੀ ਦੀ ਬਹੁਤੀ ਪਰਉਪਕਾਰੀ ਕਾਰ ਗੁਰਮਤਿ ਸੰਬੰਧੀ ਵਿਚਾਰਾਂ ਨਾਲ ਹੀ ਰਹੀ, ਪਰਲੇ ਦਰਜੇ ਦੇ ਵਿਚਾਰਵਾਨ ਅਤੇ ਗੁਰਮਤਿ ਲਿਖਾਰੀ ਜਨ ਰਹੇ ਹਨ। ਗੁਰਮਤਿ ਨਾਮ ਦੇ ਬੜੇ ਹੀ ਗੁਪਤ ਅਭਿਆਸੀ ਰਹੇ ਹਨ। ਦਸਮ ਦੁਆਰ ਅਨਹਦ ਸ਼ਬਦ ਦੀਆਂ ਗੁਪਤ ਲੁਪਤ ਖੇਡਾਂ ਖੇਡਣ ਵਿਚ ਬੜਾ ਹੀ ਅੰਤਰੀਵੀ ਸ਼ੌਕ ਰਖਦੇ ਸਨ। ਦੂਜਿਆਂ ਦੀਆਂ ਅੰਤਰੀਵੀ ਗੱਲਾਂ ਨੂੰ ਬੁਝਣਾ ਇਨ੍ਹਾਂ ਦੇ ਖੱਬੇ ਹੱਥ ਦੀ ਖੇਡ ਸੀ। ਪਰੰਤੂ ਬੜੀ ਚੰਗੀ ਗੱਲ ਇਹ ਸੀ ਕਿ ਖੁਲ੍ਹ-ਖੇਡ ਨਹੀਂ ਵਰਤਾਉਂਦੇ ਸਨ।

ਜੇਲ੍ਹੋਂ ਬਾਹਰ ਆ ਕੇ ਇਨ੍ਹਾਂ ਨੇ ਹੋਮੋਪੈਥਿਕ ਦਾ ਕੰਮ ਸੁਤੇ ਸੁਭਾਵ ਹੀ ਸਿਖ ਲਿਆ। ਹੋਮੋਪੈਥਿਕ ਦਾ ਇਲਾਜ ਅਕਸਰ ਮੁਫ਼ਤ ਹੀ ਕਰਿਆ ਕਰਦੇ ਸਨ। ਇਨ੍ਹਾਂ ਦੇ ਮੁਬਾਰਕ ਹੱਥਾਂ ਵਿਚ ਮਰੀਜ਼ ਦੇ ਇਲਾਜ ਦੀ ਸ਼ਫ਼ਾ


www.AKJ.Org

ਬੜੀ ਸੀ। ਜਿਸ ਨੂੰ ਹੱਥ ਪਾਉਂਦੇ ਸਨ, ਰਾਜ਼ੀ ਹੀ ਕਰ ਦਿੰਦੇ ਸਨ। ਹੁਣ ਇਨ੍ਹਾਂ ਦਾ ਨਾਉਂ ਜਥੇ ਵਿਚ ਡਾਕਟਰ ਕਰਤਾਰ ਸਿੰਘ ਪ੍ਰਸਿਧ ਹੋ ਗਿਆ ਸੀ। ਡਾਕਟਰ ਕਰਤਾਰ ਸਿੰਘ ਦੀ ਤਬੀਅਤ ਵਿਚ ਇਕ ਇਹ ਬੜਾ ਨੁਕਸ ਸੀ ਕਿ ਕਦੇ ਕਦੇ ਉਸ ਨੂੰ ਵਹਿਮ-ਮਈ ਝੱਲ ਐਸਾ ਉਠਦਾ ਸੀ ਕਿ ਉਸ ਦੇ ਅਧੀਨ ਹੋ ਕੇ ਬਉਰਾਨਾ ਹੋ ਜਾਂਦਾ ਸੀ। ਹੋਮੋਪੈਥਿਕ ਡਾਕਟਰੀ ਇਲਾਜ ਇਨ੍ਹਾਂ ਦਾ ਬੜਾ ਹੀ ਸ਼ਫਾ-ਜਨਕ ਸੀ। ਇਨ੍ਹਾਂ ਨੂੰ ਯੂਨਾਨੀ ਇਲਾਜ ਦੇ ਨੁਸਖੇ ਵਰਤਣ ਦਾ ਵੀ ਮੇਨੀਆ ਹੋ ਜਾਂਦਾ ਸੀ। ਅਸੀਂ ਇਨ੍ਹਾਂ ਨੂੰ ਬਥੇਰਾ ਵਰਜਿਆ ਕਿ ਧਾਤੂਆਂ ਦੇ ਮਾਰਨ ਦੇ ਨੁਸਖੇ ਨਾ ਵਰਤਿਆ ਕਰੋ। ਇਤਨਾ ਵਰਜਣ ਤੇ ਵੀ ਇਸ ਝੱਲ ਤੋਂ ਟਲਦੇ ਨਹੀਂ ਸਨ। ਇਸ ਵਹਿਮ-ਬਾਜ਼ੀ ਦੇ ਅਧੀਨ ਹੋ ਕੇ ਮਿੱਤਰਾਂ ਨੂੰ ਸ਼ੱਤਰੂ ਤੇ ਸ਼ੱਤਰੂਆਂ ਨੂੰ ਮਿਤਰ ਬਨਾਵਣ ਦਾ ਕੁਹਜਾ ਢੰਗ ਇਨ੍ਹਾਂ ਦੇ ਗਲ ਪੈ ਗਿਆ ਸੀ। ਪਰ ਇਨ੍ਹਾਂ ਦੇ ਗੰਭੀਰ ਮਿਤਰ, ਇਨ੍ਹਾਂ ਦੀ ਇਸ ਕਮਜ਼ੋਰੀ ਤੋਂ ਜਾਣੂ ਸਨ, ਇਸ ਕਰਕੇ ਉਹ ਗੌਲਦੇ ਕੁਝ ਨਹੀਂ ਸਨ, ਇਨ੍ਹਾਂ ਦੀ ਸਿਆਹੀ ਸਫ਼ੈਦੀ ਤੇ ਕਿੰਤੂ ਨਹੀਂ ਕਰਦੇ ਸਨ। ਮੈਂ ਤਾਂ ਇਸ ਵੀਰ ਨੂੰ ਘੂਰ ਵੀ ਲੈਂਦਾ ਸਾਂ ਤੇ ਖਾਸਾ ਡੱਕਰ ਕੇ ਇਸ ਨੂੰ ਆਪਣੀ ਹੂੜ ਮਤ ਤੋਂ ਹੋੜ ਵੀ ਲੈਂਦਾ ਸਾਂ। ਮੇਰੇ ਕਹੇ ਤੇ ਭਾਈ ਕਰਤਾਰ ਸਿੰਘ ਜੀ ਦਬ ਵੀ ਜਾਂਦੇ ਸਨ।

ਇਸ ਨੁਕਸ ਤੋਂ ਬਿਨਾਂ ਭਾਈ ਕਰਤਾਹ ਸਿੰਘ ਜੀ ਨਿਰਾ ਕੁੰਦਨ ਤੇ ਪਾਰਸ-ਰਸਾਇਣੀ ਵੀਰ ਸੀ। ਪ੍ਰਮਾਰਥ ਦੀ ਗੂੜ੍ਹੀ ਤੋਂ ਗੂੜ੍ਹੀ ਖੋਜ ਕਰਨ ਵਿਚ ਭਾਈ ਕਰਤਾਰ ਸਿੰਘ ਐਸੇ ਪ੍ਰਬੀਨ ਸਨ ਕਿ ਬੜੇ ਬੜੇ ਗੁਰਮਤਿ ਖੋਜੀ ਇਨ੍ਹਾਂ ਦੀ ਖੋਜ ਅਗੇ ਹੱਕੇ ਬੱਕੇ ਰਹਿ ਜਾਂਦੇ ਸਨ। ਜਿਸ ਸਬਰ ਤੇ ਸ਼ੁਕਰ ਨਾਲ ਭਾਈ ਕਰਤਾਰ ਸਿੰਘ ਜੀ ਨੇ ਆਪਣੀ ਉਮਰ-ਕੈਦ ਦੇ ਦਿਹਾੜੇ ਗੁਜ਼ਾਰੇ, ਉਹ ਕਿਸੇ ਵਿਰਲੇ ਨੇ ਹੀ ਗੁਜ਼ਾਰਨੇ ਹਨ। ਵਾਧਾ ਇਹ ਕਿ ਇਸ ਵੀਰ ਨੂੰ ਨਾਹੱਕ ਹੀ ਫਾਂਸੀ ਦੀ ਸਜ਼ਾ ਹੋ ਗਈ ਸੀ ਤੇ ਫੇਰ ਫਾਂਸੀ ਤੋਂ ਟੁਟ ਕੇ ਉਮਰ-ਕੈਦ ਰਹਿ ਗਈ ਸੀ। ਜੋ ਇਲਜ਼ਾਮ ਇਨ੍ਹਾਂ ਤੇ ਲਗਾਇਆ ਗਿਆ ਸੀ, ਉਸ ਤੋਂ ਇਹ ਵੀਰ ਨਿਰੇ ਹੀ ਦੁੱਧ ਧੋਤੇ ਨਿਰਦੋਸ਼ ਸਨ। ਇਸ ਨਿਰਦੋਸ਼ਤਾ ਦੇ ਹੁੰਦੇ ਹੋਏ ਭੀ ਆਪਣੇ ਆਪ ਨੂੰ ਅਜਿਹੇ ਪਾਕ-ਦਾਮਨ ਤੇ ਬੇਕਸੂਰਾ ਨਹੀਂ ਸਮਝਦੇ ਸਨ। ਮੇਰੇ ਪਾਸ ਗੁਹਜ ਜ਼ਿਕਰ ਕਰਿਆ ਕਰਦੇ ਸਨ ਕਿ ਅਸਾਡੇ ਪਾਸੋਂ ਇਕ ਅਚੇਤ ਹੀ ਪ੍ਰਮਾਰਥੀ ਖਾਪ ਹੋ ਗਿਆ ਸੀ ਤੇ ਏਸੇ ਜਨਮ ਵਿਚ ਹੀ ਹੋਇਆ ਸੀ, ਜਿਸ ਦੀ ਸਜ਼ਾ ਸਾਨੂੰ ਅਵੱਸ਼ ਹੀ ਭੁਗਤਣੀ ਪਈ ਤੇ ਏਸੇ ਜਨਮ ਵਿਚ ਹੀ ਭੁਗਤਣੀ ਪਈ। ਗੁਰਮਤਿ ਇਤਿਹਾਸ ਲਿਖਣ ਲਈ ਬੜਾ ਹੀ ਉੱਚਾ ਇਰਾਦਾ ਰਖਦੇ ਸਨ ਤੇ ਕੈਨੇਡਾ ਵੈਨਕੋਵਰ ਸੰਬੰਧੀ ਕਾਮਾਗਾਟਾ ਮਾਰੂ ਜਹਾਜ਼ ਦੇ ਵੈਨਕੋਵਰ ਵਿਖੇ ਰੋਕੇ ਰੱਖਣ ਦੀ ਵਿਥਿਆ ਉਤੇ ਕੁਛ ਸੰਖੇਪ ਇਤਿਹਾਸ ਕਲਮ-ਬੰਦ ਵੀ ਕਰਨ ਲਗੇ ਸਨ ਕਿ ਛੋਟੀ ਅਵਸਥਾ ਵਿਚ ਹੀ ਧੁਰੋਂ ਸੱਦੜੇ ਆ ਗਏ। ਜਿਸ ਬਾਰੇ ਮੇਰੇ ਪਾਸ ਕਈ ਵਾਰ ਆਪਣੇ ਅਕਾਲ ਚਲਾਣੇ ਹੋਣ ਤੋਂ ਕਿਤਨੀ ਦੇਰ ਪਹਿਲੋਂ ਇਹ ਭੇਦ ਉਚਾਰ ਵੀ ਚੁਕੇ ਸਨ ਕਿ ਬਾਕੀ ਰਹਿੰਦੀ ਅਵਧੀ ਦੇ ਦਿਨ ਥੋੜੇ ਹਨ, ਪਤਾ ਨਹੀਂ ਕਦੋਂ ਸਦੜੇ ਆ ਪੈਣੇ ਹਨ, ਅੰਦਰਲਾ ਵਲਵਲਾ ਇਹੋ ਹੀ ਹੈ ਕਿ ਤੁਸਾਡੇ ਹੱਥਾਂ ਵਿਚ ਹੀ ਚਲਾਣੇ ਹੋ ਜਾਣ। ਤੇ ਚਲਾਣੇ ਕਰਨ ਲਗਿਆਂ ਕਿਸੇ ਦੀ ਬਾਤ ਵੀ ਨਹੀਂ ਪੁੱਛੀ। ਚਲਾਣੇ ਦੀ ਖ਼ਬਰ ਸੁਣਨ ਸਾਰ ਉਨ੍ਹਾਂ ਦੇ ਸਮੂਚੇ ਨਿਕਟ ਮੁਹੱਬਤੀ ਜਨ, ਧਾਈ ਕਰ ਕੇ ਉਥੇ ਪੁਜੇ (ਜਿਥੇ ਇਨ੍ਹਾਂ ਨੇ ਚਲਾਣਾ ਕੀਤਾ ਸੀ)। ਪੁੱਜਣ ਤੋਂ ਪਹਿਲਾਂ ਇਨ੍ਹਾਂ ਦੀ ਕੰਚਨ ਦੇਹ ਦਾ ਸਸਕਾਰ ਹੋ ਚੁਕਾ ਸੀ। ਸਸਕਾਰ ਇਨ੍ਹਾਂ ਦੇ ਪਿੰਡ ਵਿਚ ਹੀ ਹੋਇਆ, ਜਿਥੇ ਇਨ੍ਹਾਂ ਨੇ ਚਲਾਣੇ ਕੀਤੇ। ਸਸਕਾਰ ਕਰਨ ਵਿਚ ਇਨ੍ਹਾਂ ਦੇ ਕੁਟੰਬ ਨੇ ਬੜੀ ਹੀ ਕਾਹਲੀ ਕੀਤੀ।

ਵੀਰ ਕਰਤਾਰ ਸਿੰਘ ਜੀ ਦੀ ਆਤਮ-ਅਵਸਥਾ ਦੇ ਬਹੁਤ ਨੇੜੇ ਨੇੜੇ ਵਰਤਣ ਵਾਲੇ ਪ੍ਰੇਮੀ ਤੇ ਭੇਦ-ਜਾਣੂ ਸਜਣਾਂ ਦਾ ਇਹ ਪੱਕਾ ਵਿਸ਼ਵਾਸ ਹੈ ਕਿ ਭਾਈ ਕਰਤਾਰ ਸਿੰਘ ਜੀ ਦੇ ਸਵਾਸ ਦਸਵੇਂ ਦੁਆਰ ਚੜ੍ਹੇ ਹੋਏ ਸਨ, ਵਾਸਤਵ ਵਿਚ ਉਨ੍ਹਾਂ ਨੇ ਚਲਾਣਾ ਨਹੀਂ ਕੀਤਾ ਸੀ। ਪਰੰਤੂ ਮੂੜ੍ਹ ਅੰਜਾਣਾਂ ਨੇ ਜਾਣੇ ਅਜਾਣੇ ਹੀ ਉਨ੍ਹਾਂ ਦੇ ਸਰੀਰ ਨੂੰ ਚੰਡੀ ਦੀ ਭੇਟਾ ਕਰ ਦਿਤਾ। ਸਾਡੇ ਦੱਸੇ ਤੇ ਇਨ੍ਹਾਂ ਜਲਦ-ਬਾਜ਼ਾਂ, ਸੰਸਾਰੀ ਸੰਬੰਧੀਆਂ ਦੇ ਹਿਰਦਿਆਂ ਅੰਦਰ ਵੀ ਇਹ ਸ਼ੱਕ ਸੁਬਕ ਉਠਿਆ ਸੀ ਕਿ ਦਸਵੇਂ ਦੁਆਰ ਵਿਖੇ ਸੁਆਸ ਹੁੰਦਿਆਂ ਹੀ ਭਾਈ ਕਰਤਾਰ ਸਿੰਘ


www.AKJ.Org

ਜੀ ਦਾ ਸਸਕਾਰ ਕਰ ਦਿਤਾ ਗਿਆ। ਉਹ ਦਸਦੇ ਸਨ ਕਿ ਚਾਹੇ ਅਸੀਂ ਭਾਈ ਕਰਤਾਰ ਸਿੰਘ ਦੇ ਸਰੀਰ ਨੂੰ ਮਿਰਤੂ ਹੀ ਸਮਝਦੇ ਸਾਂ, ਪਰ ਉਸ ਸਮੇਂ ਉਨ੍ਹਾਂ ਦੇ ਚੇਹਰੇ ਤੇ ਆਈ ਲਾਲੀ ਝੱਲੀ ਨਹੀਂ ਜਾਂਦੀ ਸੀ। ਹੱਛਾ! ਜੋ ਹੋਣਾ ਸੀ ਹੋ ਗਿਆ! ਸਦਾ ਲਈ ਛਿਪਨ ਹੋ ਗਏ! ਝੂਰਨ ਵਾਲੇ ਉਨ੍ਹਾਂ ਦੇ ਗੁਣਾਂ ਨੂੰ ਝੂਰਦੇ ਹੀ ਰਹਿਣਗੇ। ਮੁੜ ਇਹੋ ਜਿਹਾ ਗੁਰਮੁਖ ਹੀਰਾ ਲਾਲ ਰਤਨ ਹੱਥ ਨਹੀਂ ਆਉਣਾ।

ਗੁਰਸਿਖ ਕੌਮ ਨੂੰ ਤੇ ਗੁਰਮਤਿ ਧਰਮ ਨੂੰ ਪੁਜ ਕੇ ਉਜਲ ਕਰਨ ਵਾਲਾ ਇਹ ਵੀਰ ਕਰਤਾਰ ਸਿੰਘ ਕੈਨੇਡੀਅਨ ਸੀ। ਜਿਤਨੀ ਵੀ ਆਯੂ ਭੁਗਤੀ, ਸੰਜਾਰੀ ਸੁਆਰਥੀ ਅਨੀਤੀ ਵਾਲੇ ਉਪੱਦਰਾਂ ਤੋਂ ਨਿਰਲੇਪ ਅਛੇਪ ਹੋ ਕੇ ਹੀ ਭੁਗਤੀ। ਵੀਰ ਕਰਤਾਰ ਸਿੰਘ ਜੀ ਦੇ ਹਮਦਮਾਂ, ਹਮਰਾਜ਼ ਦਿਲਬਰ ਜਾਨੀਆਂ ਨੂੰ ਉਹ ਕਦੇ ਵੀ ਨਹੀਂ ਭੁਲਣੇ, ਹਮੇਸ਼ਾ ਉਨ੍ਹਾਂ ਦੀ ਯਾਦ ਤਾਜ਼ਾ ਤੇ ਸਰਸਬਜ਼ ਰਹੇਗੀ। ਸਾਨੂੰ ਵੀ ਉਨ੍ਹਾਂ ਦਾ ਘਾਟਾ ਬਹੁਤ ਪਿਆ ਹੋਇਆ ਹੈ, ਪਰ ਇਹ ਘਾਟਾ ਪ੍ਰਤੀਤ ਨਹੀਂ ਹੁੰਦਾ। ਕਈ ਵਾਰ ਉਨ੍ਹਾਂ ਦੀ ਰੂਹੇ ਰੂਹਾਨ, ਨਾ ਖੁਲ੍ਹਣ ਵਾਲੀਆਂ ਘੁੰਡੀਆਂ ਨੂੰ ਖੋਲ੍ਹਣ ਲਈ ਗੁਹਜ ਰਮਜ਼ਾਂ ਰਮਜ਼ਾਈ ਜਾਂਦੀ ਹੈ।

---

ਨੋਟ : ਭਾਈ ਸਾਹਿਬ ਕਰਤਾਰ ਸਿੰਘ ਜੀ ੧੯੦੭ ਈ: ਵਿਚ ਵੈਨਕੋਵਰ ਕੈਨੇਡਾ ਗਏ। ਓਥੇ ਆਪਣੇ ਕਾਰ ਵਿਹਾਰ ਦੇ ਨਾਲ ਹੀ ਪੰਥਕ ਕੰਮਾਂ ਵਿਚ ਵਧ ਚੜ੍ਹ ਕੇ ਹਿਸਾ ਲੈਂਦੇ ਰਹੇ। ਹਿੰਦੁਸਤਾਨ ਵਿਚ ਕੋਲੰਬੂ ਦੇ ਰਸਤੇ ਹਿੰਦੁਸਤਾਨ ਨੂੰ ਆਏ। ਆਪ ਦੀ ਡੀਊਟੀ ਜਰਮਨੀ ਦੇ ਜਰਨੈਲ ਵੇਡੀ ਨਾਲ ਰਲ ਕੇ ਹਿੰਦੁਸਤਾਨ ਵਿਚ ਆਜ਼ਾਦੀ ਸੰਬੰਧੀ ਕੰਮ ਕਰਨ ਦੀ ਸੀ। ਕੋਲੰਬੂ ਤੋਂ ਹੀ ਸੀ.ਆਈ.ਡੀ. ਆਪ ਦੇ ਮਗਰ ਲੱਗ ਪਈ। ਲੁਧਿਆਣੇ ਪਹੁੰਚਣ ਪਰ ਆਪ ਨੂੰ ਨਜ਼ਰਬੰਦ ਕਰ ਕੇ ਕੈਂਬਲਪੁਰ ਜੇਲ੍ਹ ਵਿਚ ਭੇਜਿਆ ਗਿਆ। ਫੇਰ ਤੀਜੇ ਮੁਕੱਦਮੇ ਸਾਜ਼ਸ਼ ਲਾਹੌਰ ਵਿਚ ਪੰਜ ਜਨਵਰੀ ੧੯੧੭ ਨੂੰ ਫਾਂਸੀ ਦੀ ਸਜ਼ਾ ਹੋਈ, ਜੋ ਪਿਛੋਂ ਉਮਰ-ਕੈਦ ਵਿਚ ਬਦਲ ਗਈ। ਆਪ ਕੈਂਬਲਪੁਰ, ਲਾਹੌਰ, ਹਜ਼ਾਰੀ ਬਾਗ, ਰਾਜਮੰਦਰੀ ਤੇ ਨਾਗਪੁਰ ਜੇਲ੍ਹਾਂ ਵਿਚ ਰਹੇ। ਹਜ਼ਾਰੀ ਬਾਗ ਜੇਲ੍ਹ ਵਿਚ ਹੀ ਆਪ ਦਾ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਮੇਲ ਹੋਇਆ। ਆਪ ਪੂਰੇ ੨੦ ਸਾਲ ਬਾਅਦ ਰਿਹਾ ਹੋਏ। ਬਾਹਰ ਆ ਕੇ ਗੁਰਬਾਣੀ ਦੀਆਂ ਲਿਖਤੀ ਪੋਥੀਆਂ ਤੇ ਬੀੜਾਂ ਦੀ ਖੋਜ ਸ਼ੁਰੂ ਕੀਤੀ। 'ਅੰਮ੍ਰਿਤ ਕੀ ਹੈ?' 'ਉਮਰ ਕੈਦੀ ਦਾ ਸੁਪਨਾ', ਇਹ ਦੋ ਪੁਸਤਕਾਂ ਆਪ ਦੀ ਲਿਖਤੀ ਛਪੀਆਂ ਹੋਈਆਂ ਹਨ। ਤੀਜੀ ਪੁਸਤਕ ਇਨ੍ਹਾਂ 'ਹਿੰਦੁਸਤਾਨੀ ਕੈਨੇਡਾ ਦੇ ਵਿਚ' ਨਾਮ ਦੀ ਲਿਖੀ, ਜਿਸ ਦਾ ਨਾਮ 'ਨਵੀਂ ਦੁਨੀਆ' ਹੈ, ਇਹ ਅਣ-ਛਪੀ ਖਰੜੇ ਦੀ ਸ਼ਕਲ ਵਿਚ ਹੀ ਹੈ। ਤੇ ਇਹ 'ਪੰਜਾਬੀ ਰਤਨ' ਅਖਬਾਰ ਲੁਧਿਆਣਾ ਵਿਚ ੬੨ ਨੰਬਰਾਂ ਤਕ ਛਪ ਚੁਕੀ ਹੈ। ਆਪ ਬੜੇ ਪ੍ਰੇਮੀ, ਤਿਆਗੀ, ਅਤੀਤ ਬੈਰਾਗੀ, ਨਾਮ ਅਭਿਆਸੀ ਗੁਰਮੁਖ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ, ਖ਼ਾਸ ਕਰ 'ਜੇਲ੍ਹ ਚਿੱਠੀਆਂ' ਦੇ ਸੰਬੰਧ ਵਿਚ ਸਲਾਹ ਦੇਣ, ਫੁਟ ਨੋਟ ਲਿਖਾਵਣ ਤੇ ਨਕਲ ਆਦਿ ਕਰਨ ਬਾਰੇ ਦਾਸ ਦੀ ਸਦਾ ਹੀ ਸਹਾਇਤਾ ਕਰਦੇ ਰਹੇ। ਅਜੇ ਆਪ ਦੇ ਗੁਰਬਾਣੀ ਦੀ ਖੋਜ ਤੇ ਹੋਰ ਪੁਸਤਕ-ਰਚਨਾ ਆਦਿ ਦੇ ਕਈ ਕੰਮ ਕਰਨ ਵਾਲੇ ਸਨ ਕਿ ਆਪ ਆਪਣੇ ਸੰਬੰਧੀਆਂ ਤੇ ਪ੍ਰੇਮੀ ਜਨਾਂ ਨੂੰ ਸਦਾ ਲਈ ਫ਼ਤਹ ਗਜਾ ਗਏ। ੪ ਅਪ੍ਰੈਲ ੧੯੫੪ ਨੂੰ ਗੁਰਪੁਰੀ ਜਾ ਬਿਰਾਜੇ। (ਨਾਹਰ ਸਿੰਘ ਗਯਾਨੀ)

["ਰੰਗਲੇ ਸੱਜਣ" ਪੁਸਤਕ ਵਿਚੋਂ

---

## ਤੂੰ ਹੀ ਤੂੰ

[ਸ: ਅਜੀਤ ਸਿੰਘ ਜੀਤ ਬ੍ਰੌਲਵੀ]

ਅੱਵਲ ਆਖਿਰ ਅਜ਼ਲ ਅਦਮ ਵਿਚ, ਤੂੰ ਹੀ ਨਜ਼ਰੀ ਆਇਆ।
ਇਬਤਦਾ ਇੰਤਹਾ ਹੈ ਇਹੋ, ਤੇਰੀ ਹੀ ਸਭ ਮਾਇਆ।
ਆਗ਼ਾਜ਼ ਅੰਜਾਮ ਇਸੇ ਵਿਚ, ਹਰ ਜੀਵ ਵਿਚ 'ਤੂੰ' ਹੈਂ;
ਤੇਰੇ ਬਾਝੋਂ ਅਬਦ ਨ ਕੋਈ, ਸਭ ਵਿਚ 'ਤੂੰ' ਸਮਾਇਆ।


www.AKJ.Org

# ਸਿਰੀ ਸਾਹਿਬ ਜੀ ਸਹਾਇ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

'ਸਿਰੀ ਸਾਹਿਬ' ਸਿਖ ਇਸਤਲਾਹ ਦਾ ਖ਼ਾਸ ਸ਼ਬਦ ਹੈ। ਇਕ ਪਾਸੇ ਇਹ ਪਦ 'ਸ੍ਰੀ' (= ਲਛਮੀ) ਦੇ ਸਾਹਿਬ (= ਮਾਲਕ) ਅਥਵਾ ਵਾਹਿਗੁਰੂ ਦਾ ਲਖਾਇਕ ਹੈ, ਤਾਂ ਦੂਜੇ ਪਾਸੇ ਖੜਗ ਅਥਵਾ ਕਿਰਪਾਨ ਦਾ।[1] ਇਉਂ ਇਹ ਮੀਰੀ ਤੇ ਪੀਰੀ ਦਾ ਲਖਾਇਕ ਹੈ। ਇਸ ਦਾ ਭਾਵ ਇੱਕੋ ਵੇਲੇ 'ਸਰਬ ਲੋਹ ਦੀ ਖੜਗ' ਵੀ ਹੈ, ਤੇ 'ਗਿਆਨ-ਖੜਗ' ਵੀ। ਇਹ 'ਸਰਬ ਕਾਲ' ਜੀ ਦਾ 'ਸਰਬ ਲੋਹ' ਹੈ। ਇਸੇ ਲਈ ਦਸਮ ਪਾਤਸ਼ਾਹ ਨੇ ਸਦਾ ਇਸੇ ਦੀ ਸਹਾਇਤਾ ਯਾਚਣ ਤੇ ਇਸੇ ਦੀ ਰਛਿਆ ਵਿਚ ਰਹਿਣ ਦਾ ਆਦੇਸ਼ ਦਿੱਤਾ ਹੈ।[2]

ਖਾਲਸਾ ਧਰਮ ਸੂਰਮਗਤੀ ਦਾ ਧਰਮ ਹੈ। ਸਿਰੀ ਸਾਹਿਬ ਤੋਂ ਇਸ ਦਾ ਜਨਮ ਹੋਇਆ। ਇਸ ਲਈ ਇਸ ਧਰਮ ਦੇ ਹਰ ਸਦੱਸ ਨੂੰ ਸੀਸ ਤਲੀ ਤੇ ਧਰ ਕੇ ਤੁਰਨ ਦਾ ਗੌਰਵ ਹੈ; ਯੁੱਧ ਵਿਚ ਜੂਝ ਕੇ ਸ਼ਹੀਦ ਹੋਣਾ ਉਸ ਦੀ ਰੀਝ ਹੈ।[3] ਧਰਮ-ਸੰਘਰਸ਼ ਉਸ ਦੀ ਰਹੁ-ਰੀਤ ਹੈ, ਜੋ ਇੱਕੋ ਵੇਲੇ ਆਤਮ-ਸੰਘਰਸ਼ ਵੀ ਹੈ, ਸਮਾਜਕ ਆਦਰਸ਼ ਵੀ। ਆਤਮ-ਸੰਘਰਸ਼ ਇਹ ਧਰਮ-ਚਲਾਵਨ ਤੇ ਸੰਤ-ਉਬਾਰਨ ਦਾ ਹੈ; ਤੇ ਸਮਾਜਕ ਆਦਰਸ਼ ਦੁਸ਼ਟ-ਦਮਨ ਦਾ। ਇਸੇ ਲਈ ਸਿਖ ਦੇ ਬੁਲ੍ਹਾਂ ਉਪਰ ਤਾਂ ਵਾਹਿਗੁਰੂ ਦਾ ਨਾਮ ਹੁੰਦਾ ਹੈ ਪਰ ਚਿੱਤ ਅੰਦਰ (ਜ਼ੁਲਮ ਨਾਲ) ਜੁੱਧ ਅੰਦਰ ਜੂਝਣ ਦਾ ਚਾਅ ਮਚ ਰਿਹਾ ਹੁੰਦਾ ਹੈ।[4]

ਖ਼ਾਲਸੇ ਦਾ ਜਨਮ ਕਿਰਪਾਨ 'ਚੋਂ ਕੀ ਹੋਇਆ, ਕਿਰਪਾਨ ਉਸ ਦਾ ਇਸ਼ਟ-ਦੇਵ ਬਣ ਗਈ। ਅਰਦਾਸ ਕਰਨ ਲਗਿਆਂ ਵੀ ਉਹ ਸਭ ਤੋਂ ਪਹਿਲਾਂ 'ਸ੍ਰੀ ਭਗਉਤੀ ਜੀ' ਨੂੰ ਧਿਆਉਂਦਾ ਤੇ ਉਸੇ ਦੀ ਸਹਾਇਤਾ ਦੀ ਯਾਚਨਾ ਕਰਦਾ ਹੈ।[5] ਸ੍ਰੀ ਅਸਪਾਨ (= ਕਿਰਪਾਨ ਬਹਾਦੁਰ) ਦੀ ਕਿਰਪਾ ਦਾ ਆਸਵੰਤ ਰਹਿੰਦਾ ਹੈ।[6] ਤਨੋਂ ਮਨੋਂ ਸ੍ਰੀ ਖੜਗ ਜੀ ਨੂੰ ਨਮਸਕਾਰ ਕਰਦਾ ਹੈ।[7] ਸ੍ਰੀ ਤੇਗ ਦੀ ਜੈ ਜੈਕਾਰ ਆਖਦਾ ਹੈ।[8] ਖੜਗ ਕੇਤੁ (= ਕਿਰਪਾਨ ਜਿਸ ਦਾ ਝੰਡਾ ਹੈ) ਦੀ ਸ਼ਰਨ ਲੈਂਦਾ ਹੈ।[9] ਕਾਲ ਕ੍ਰਿਪਾਨ ਦੇ ਵੱਡੇ ਭਰੋਸੇ ਦੀ ਟੇਕ ਲੈਂਦਾ ਹੈ।[10] ਸ਼ਸਤ੍ਰਾਂ ਨੂੰ ਆਪਣਾ ਪੀਰ ਮੰਨਦਾ ਹੈ[11], ਤੇ ਉਹਨਾਂ ਤੋਂ ਰਛਿਆ ਦੀ ਆਸ ਰਖਦਾ ਹੈ:

---

1. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਕ੍ਰਿਪਾਣ ਦਾ ਇਹ ਨਾਉਂ ਦਸਮੇਸ਼ ਜੀ ਨੇ ਖੜਗ ਨੂੰ ਲਛਮੀ ਦਾ ਪਤੀ ਮੰਨ ਕੇ ਰਖਿਆ ਹੈ।' (ਮਹਾਨ ਕੋਸ਼)
2. ਅਕਾਲ ਪੁਰਖ ਕੀ ਰਛਾ ਹਮਨੈ। ਸਰਬ ਲੋਹ ਕੀ ਰਛਿਆ ਹਮਨੈ।
   ਸਰਬ ਕਾਲ ਜੀ ਦੀ ਰਛਿਆ ਹਮਨੈ। ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ। —ਅਕਾਲ ਉਸਤਤਿ : ਮੰਗਲਾਚਰਨ
3. ਸ਼ਸਤ੍ਰਨ ਸਿਉ ਅਤਿ ਹੀ ਰਣ ਭੀਤਰਿ ਜੂਝ ਮਰੋਂ ਤਉ ਸਾਚ ਪਤੀਜੈ। —ਕ੍ਰਿਸ਼ਨਾਵਤਾਰ ੧੯੦੦-੩
4. ਧੰਨ ਜੀਓ ਤਿਹ ਕੋ ਜਗ ਮੈਂ, ਮੁਖ ਤੇ ਹਰਿ, ਚਿਤ ਮੈਂ ਜੁੱਧ ਬਿਚਾਰੈ। -- ਕ੍ਰਿਸ਼ਨਾਵਤਾਰ ੨੪੯੨-੧
5. ਸ੍ਰੀ ਭਗਉਤੀ ਜੀ ਸਹਾਇ। —ਅਰਦਾਸ
6. ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ...। —ਰਾਮਾਵਤਾਰ ੮੬੩-੪
7. ਨਮਸਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤੁ ਚਿਤੁ ਲਾਇ। —ਬਚਿਤ੍ਰ ਨਾਟਕ ੧, ੧-੧
8. ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ। —ਬਚਿਤ੍ਰ ਨਾਟਕ ੧, ੨-੪
9. ਖੜਗ ਕੇਤ ਮੈਂ ਸਰਣਿ ਤਿਹਾਰੀ। —ਪਾ: ੧੦ ਕਬਿਯੋ ਬਾਚ ਬੇਨਤੀ, ਚੌਪਈ ੨
10. ਯਾ ਕਲ ਮੈ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ। - ਬਚਿਤ੍ਰ ਨਾਟਕ ੧, ੯੨-੪
11. ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ।
    ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ। —ਸ਼ਸਤ੍ਰਨਾਮਾ ੩, ੧-੨


www.AKJ.Org

ਅਸਿ ਕ੍ਰਿਪਾਨ ਖੰਡੋ ਖੜਗ ਸੈਫ ਤੇਗ ਤਰਵਾਰ ।
ਰੱਛ ਕਰੋ ਹਮਰੀ ਸਦਾ ਕਵਚਾਂਤਕ ਕਰਵਾਰ । —ਸ਼ਸਤ੍ਰਨਾਮਾ ੧੦—੧

ਇਹੋ ਧਰਵਾਸ 'ਸ੍ਰੀ ਸਾਹਿਬ ਜੀ ਸਹਾਇ' ਦੇ ਭਾਵ-ਪੂਰਤ ਵਾਕੰਸ਼ ਵਿਚ ਸਿਮਟ ਕੇ ਸਿੱਖਾਂ ਦੀ ਅਰਦਾਸ ਵਿਚ ਸ਼ਾਮਲ ਹੋ ਗਿਆ ਹੈ ।

'ਸ੍ਰੀ ਸਾਹਿਬ ਜੀ ਸਹਾਇ' ਦਾ ਸਿੱਧਾਂਤ ਬਲ ਯੁਕਤ ਹੋਣ ਦਾ ਸਿਧਾਂਤ ਹੈ । ਬਲ ਛੁੜਕ ਜਾਵੇ ਤਾਂ ਗ਼ੁਲਾਮੀ ਦੇ ਬੰਧਨ ਪੈ ਜਾਂਦੇ ਹਨ, ਬਲ ਧਾਰਨ ਕੀਤਿਆਂ ਹੀ ਇਹਨਾਂ ਬੰਧਨਾਂ ਤੋਂ ਛੁਟਕਾਰਾ ਹੋਂਦਾ ਹੈ ।[1] ਖ਼ਾਲਸੇ ਦੀ ਤਲਵਾਰ ਬੰਧਨ ਛੁੜਾਉਣ ਵਾਲੀ ਤਲਵਾਰ ਹੈ । ਇਹ ਇਸ ਲਈ ਮਿਆਨ ਵਿਚੋਂ ਨਿਕਲਦੀ ਹੈ ਕਿ ਉਹ ਜਰਵਾਣਿਆਂ ਦੀ ਤਲਵਾਰ ਨੂੰ ਵਾਪਸ ਮਿਆਨ ਵਿਚ ਪਰਤ ਜਾਣ ਲਈ ਮਜਬੂਰ ਕਰੇ । ਖ਼ਾਲਸੇ ਦੀ ਤਲਵਾਰ ਨਿਆਂ ਨੂੰ ਜ਼ਿੰਦਾ ਰਖਦੀ ਹੈ, ਅਨਿਆਂ ਨੂੰ ਦੂਰ ਕਰਦੀ ਹੈ ।

ਅਸਲ ਸੂਰਮਗਤੀ ਉਹ ਹੈ ਜੋ ਜ਼ਿੰਦਗੀ ਵਿਚ ਮੌਤ ਲਈ ਤਿਆਰ ਰਹਿੰਦੀ ਹੈ । ਮੌਤ ਨੂੰ ਆਪਣਾ ਹੱਕ ਸਮਝਦੀ ਹੈ । ਪਰ, ਜੇਕਰ ਜ਼ਿੰਦਗੀ ਮੌਤ ਨਾਲੋਂ ਬਦਤਰ ਜਾਪਦੀ ਹੋਵੇ, ਤਾਂ ਭਾਣੇ ਅੰਦਰ ਜੀਊਂਦੇ ਰਹਿਣ ਦਾ ਸਾਹਸ ਵੀ ਰਖਦੀ ਹੈ ।

ਸਿਰੀ ਸਾਹਿਬ ਦੀ ਸਹਾਇਤਾ 'ਪੰਥ ਕੀ ਜੀਤ' ਦੀ ਬੁਨਿਆਦ ਹੈ । ਏਹੋ ਪੰਥਕ ਆਕਾਂਖਿਆ, ਰਾਜ ਕਰੇਗਾ ਖ਼ਾਲਸਾ' ਦਾ ਆਧਾਰ ਹੈ । ਇਤਿਹਾਸ ਵਿਚ ਆਉਂਦਾ ਹੈ, ਅਦੀਨਾ ਬੇਗ ਨੇ ਇਕ ਵਾਰ ਜੱਸਾ ਸਿੰਘ ਜੀ ਨੂੰ ਪਤ੍ਰ ਲਿਖਿਆ, ਜਿਸ ਵਿਚ ਖ਼ਾਲਸੇ ਨਾਲ ਸੁਲਹ ਦੀ ਪੇਸ਼ਕਸ਼ ਕਰਦਿਆਂ ਕਿਹਾ, "ਸਿੱਖਾਂ ਨੂੰ ਲੜਾਈ ਦਾ ਰਾਹ ਤਿਆਗ ਦੇਣਾ ਚਾਹੀਦਾ ਹੈ, ਇਸ ਵਿਚ ਸਿੱਖਾਂ ਦਾ ਹੀ ਨੁਕਸਾਨ ਹੈ । ਤੁਹਾਨੂੰ ਸੁਲਹ ਸਫ਼ਾਈ ਦਾ ਰਾਹ ਅਖ਼ਤਿਆਰ ਕਰਨਾ ਚਾਹੀਦਾ ਹੈ ।" ਜੱਸਾ ਸਿੰਘ ਨੇ ਉਸ ਦਾ ਉੱਤਰ ਇਸ ਪ੍ਰਕਾਰ ਦਿੱਤਾ : "ਦਿੱਲੀ ਦੀ ਅਧੀਨਗੀ ਖ਼ਾਲਸਾ ਕਿਸੇ ਤਰ੍ਹਾਂ ਵੀ ਮੰਨਣ ਨੂੰ ਤਿਆਰ ਨਹੀਂ । ਸਿਖ ਉਸੇ ਤਰ੍ਹਾਂ ਕਿਰਪਾਨ ਦੇ ਜ਼ੋਰ ਨਾਲ ਰਾਜ ਅਸਥਾਪਨ ਕਰਨਗੇ ਜਿਸ ਤਰ੍ਹਾਂ ਤਲਵਾਰ ਦੇ ਨਾਲ ਮੁਗ਼ਲਾਂ ਨੇ ਹਿੰਦੁਸਤਾਨ ਵਿਚ ਆਪਣਾ ਰਾਜ ਕਾਇਮ ਕੀਤਾ । ਯੋਧਿਆਂ ਦੀ ਮੁਲਾਕਾਤ ਮੈਦਾਨੇ ਜੰਗ ਵਿਚ ਹੋਂਦੀ ਹੈ । ਜਦ ਤਕ ਸ਼ਹੀਦੀਆਂ ਦੇ ਜਾਮ ਨਹੀਂ ਪੀਤੇ ਜਾਂਦੇ ਤੇ ਖ਼ੂਨ ਦੀਆਂ ਨਦੀਆਂ ਨਹੀਂ ਵਹਿੰਦੀਆਂ, ਕੋਈ ਕਿਸੇ ਨੂੰ ਰਾਜ ਨਹੀਂ ਦੇਂਦਾ । ਅੱਜ ਤੁਸਾਂ ਸਿਰਫ਼ ਸਾਡੀ ਸਿਰੀ ਸਾਹਿਬ ਦੀ ਚਮਕ ਨੂੰ ਹੀ ਵੇਖਿਆ ਹੈ । ਜਦੋਂ ਇਹ ਸਿਰੀ ਸਾਹਿਬ ਚਲੇਗੀ ਤਾਂ ਰਾਜ ਭਾਗ ਸਾਡੇ ਕਦਮਾਂ ਵਿਚ ਹੋਵੇਗਾ । ਖ਼ਾਲਸਾ ਕਿਸੇ ਦੀ ਮਿੰਨਤ ਜਾਂ ਤਰਲੇ ਨਾਲ ਰਾਜ ਨਹੀਂ ਕਰੇਗਾ । ਖ਼ਾਲਸਾ ਰਾਜ ਕਰੇਗਾ ਸਿਰੀ ਸਾਹਿਬ ਦੀ ਸਹਾਇਤਾ ਨਾਲ, ਅਕਾਲ ਪੁਰਖ ਦੀ ਕਿਰਪਾ ਨਾਲ ।"

ਗੁਰਪ੍ਰਤਾਪ ਸੂਰਜ ਅਨੁਸਾਰ ਕਲਗੀਧਰ ਜੀ ਦਾ ਫ਼ੁਰਮਾਨ ਹੈ :

ਸ਼ਸਤ੍ਰਨ ਕੇ ਅਧੀਨ ਹੈ ਰਾਜ । ਜੋ ਨ ਧਰਹਿ ਤਿਸ ਬਿਗਰਹਿ ਕਾਜ ।
ਯਾਂ ਤੇ ਸਰਬ ਖਾਲਸਾ ਸੁਨਿਅਹਿ । ਆ ਯੁੱਧ ਸਰਬੇ ਉਤਮ ਗੁਨੀਅਹਿ ।
ਜਬ ਹਮਾਰੇ ਦਰਸ਼ਨ ਕੋ ਆਵਹੁ । ਬਨ ਸੁਚੇਤ ਤਨ ਸ਼ਸਤ੍ਰ ਸਜਾਵਹੁ ।
—ਰੁਤ ੩, ਅਧਿਆਇ ੨੪

ਸਿਰੀ ਸਾਹਿਬ ਖ਼ਾਲਸਈ ਰਹਿਤ ਦਾ ਚਿੰਨ੍ਹ ਵੀ ਹੈ, ਤੇ ਸੁਰੱਖਿਆ ਦਾ ਹਥਿਆਰ ਵੀ । ਕੇਵਲ ਕਿਰਪਾਨ ਹੀ ਨਹੀਂ, ਹੋਰ ਵੀ ਹਰ ਪ੍ਰਕਾਰ ਦੇ ਉਪਯੋਗੀ ਸ਼ਸਤ੍ਰਾਂ ਨਾਲ ਲੇਸ ਰਹਿਣ ਦਾ ਖ਼ਾਲਸੇ ਨੂੰ ਆਦੇਸ਼ ਹੈ । ਭਾਵੇਂ ਸ਼ਸਤ੍ਰਾਂ ਦਾ ਉਪਯੋਗ ਪਰਗਟ ਰੂਪ ਵਿਚ ਛੇਵੇਂ ਪਾਤਸ਼ਾਹ ਵੇਲੇ ਤੋਂ ਹੀ ਹੋਇਆ, ਇਸ ਦੇ ਲਈ ਤਿਆਰੀ

1. ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ।...
ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ । —ਸਲੋਕ ਮ: ੯ (੧੪੨੯/੬)


www.AKJ.Org

ਪਹਿਲਾਂ ਤੋਂ ਹੀ ਜਾਰੀ ਸੀ, ਤੇ ਪਹਿਲੇ ਗੁਰੂ ਸਾਹਿਬਾਂ ਨੂੰ ਇਸ ਪਰਿਣਾਮ ਦਾ ਪੂਰਬ ਗਿਆਨ ਵੀ ਸੀ।[1]

ਸ਼ਸਤ੍ਰ ਗੀਦੀਆਂ ਨੂੰ ਨਹੀਂ, ਕੇਵਲ ਸੂਰਬੀਰਾਂ (ਸਿੰਘਾਂ) ਨੂੰ ਹੀ ਪਕੜਾਏ ਜਾ ਸਕਦੇ ਹਨ। ਇਸ ਲਈ ਸਤਿਗੁਰਾਂ ਪਹਿਲਾਂ ਆਤਮਕ ਬਲ ਤੇ ਸਦਾਚਾਰਕ ਬਲ ਦਾ ਵਿਕਾਸ ਕਰਵਾਇਆ, ਤਾਂ ਜੁ ਸ਼ਸਤ੍ਰਾਂ ਦੀ ਕੁਵਰਤੋਂ ਨ ਹੋਵੇ। ਪਹਿਲਾਂ ਸਾਹਸ ਜਗਾਇਆ, ਫਿਰ ਅਨਿਆਂ ਨਾਲ ਲੜਨ ਲਈ ਤੇਗ਼ ਧਾਰਨ ਕਰਵਾਈ। ਸਿਖ ਬੁਨਿਆਦੀ ਤੌਰ ਤੇ ਅਹਿੰਸਕ ਹੈ, ਪਰ ਅਨਿਆਂ ਬਰਦਾਸ਼ਤ ਨਹੀਂ ਕਰਦਾ, ਕਿਉਂਕਿ ਅਨਿਆਂ ਕਰਨਾ ਬੁਜ਼ਦਿਲੀ ਹੈ; ਤੇ ਬੁਜ਼ਦਿਲੀ ਸਿੱਖੀ ਵਿਚ ਉੱਕੀ ਅਪਰਵਾਨ ਹੈ।[2] ਜਦ ਸਾਰੇ ਹੀਲੇ ਉਪਾ ਨਾਕਾਮ ਹੋ ਜਾਣ ਤਾਂ ਤਲਵਾਰ ਸੂਤਣ ਦਾ ਹੱਕ ਸਿੱਖਾਂ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ:

ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ। —ਜ਼ਫ਼ਰਨਾਮਾ: ੨੨

ਇਹੋ ਕਾਰਨ ਸੀ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਕਿਰਪਾਨ ਸਦਾ ਅੰਗ ਸੰਗ ਰਖਣ ਦਾ ਆਦੇਸ਼ ਦਿੱਤਾ।[3] ਇਉਂ ਸਿਰੀ ਸਾਹਿਬ ਜੀ ਦੀ ਸਹਾਇਤਾ ਖ਼ਾਲਸੇ ਦੇ ਅੰਗ ਸੰਗ ਰਹਿਣ ਲਗੀ।

ਪਾਸਕਲ ਦਾ ਕਥਨ ਹੈ, "ਬਲ ਤੋਂ ਬਿਨਾਂ ਇਨਸਾਫ਼ ਨਿਰਸ਼ਕਤ ਹੈ, ਇਨਸਾਫ਼ ਤੋਂ ਵਿਹੀਣਾ ਬਲ ਅਤਿਆਚਾਰ ਹੈ। ਬਲਹੀਣ ਇਨਸਾਫ਼ ਬੇਅਰਥ ਹੈ, ਕਿਉਂਕਿ ਉਹ ਜ਼ੁਲਮ ਨੂੰ ਰੋਕ ਨਹੀਂ ਸਕਦਾ। ਇਨਸਾਫ਼-ਹੀਣ ਬਲ ਨਿੰਦਣਯੋਗ ਹੈ। ਇਨਸਾਫ਼ ਤੇ ਬਲ ਨਾਲ ਨਾਲ ਚਲਣੇ ਚਾਹੀਦੇ ਹਨ, ਕਿਉਂਕਿ ਨਿਆਂ ਦਾ ਬਲਵਾਨ ਤੇ ਬਲ ਦਾ ਨਿਆਂਵਾਨ ਹੋਣਾ ਬੜਾ ਜ਼ਰੂਰੀ ਹੈ।"[4]

ਨਿਆਂ ਤੇ ਬਲ ਦਾ ਐਸਾ ਸੁਮੇਲ ਖ਼ਾਲਸਾ ਜੀ ਦੀ ਸਿਰੀ ਸਾਹਿਬ ਦੀ ਵਰਤੋਂ ਵਿਚ ਅਮਲ ਵਿਚ ਆਇਆ। ਇਹੋ ਕਾਰਨ ਹੈ ਕਿ ਜਦ ਜਦ ਵੀ ਖ਼ਾਲਸੇ ਦੀ ਸਿਰੀ ਸਾਹਿਬ ਦੀਨਾਂ-ਦਰਦਵੰਦਾਂ ਦੀ ਰਖਿਆ ਲਈ, ਦੁਸ਼ਟਾਂ ਦੇ ਵਿਨਾਸ਼ ਲਈ, ਨਿਆਂ ਦੀ ਥਾਪਨਾ ਲਈ, ਜਾਂ ਧਰਮ ਦੀ ਪ੍ਰਫੁਲਤਾ ਹਿੱਤ ਉਠੀ, ਅਕਾਲ ਪੁਰਖ ਆਪ ਅੰਗ ਸੰਗ ਹੋਇਆ।

ਖ਼ਾਲਸਾ ਜੀ ਨੇ ਵੀ ਕਿਰਪਾਨ ਸਦਾ ਗਾਤਰੇ ਰਖੀ ਤੇ ਇਸ ਨੂੰ ਧਾਰਨ ਕਰਨ ਦੇ ਹੱਕ ਦੀ ਪ੍ਰਮੁਖ ਧਾਰਮਕ ਹੱਕ ਵਾਂਗ ਰਾਖੀ ਕੀਤੀ।[5] ਜਿਹੜੀ ਸਿਰੀ ਸਾਹਿਬ ਦੀ ਸਿਖ ਇਸ਼ਟ ਵਾਂਗ ਉਪਾਸ਼ਨਾ ਕਰਦੇ ਸਨ, ਉਸ ਉਪਰ

---

1. ਜਦੋਂ ਭਾਈ ਸੀਗਾਰੂ ਤੇ ਭਾਈ ਜੈਤਾ ਨੇ ਗੁਰੂ ਅਰਜਨ ਦੇਵ ਜੀ ਨੂੰ ਬਦੀ ਦਾ ਟਾਕਰਾ ਕਰਨ ਲਈ ਸ਼ਸਤ੍ਰ ਧਾਰਨ ਕਰਨ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਫ਼ੁਰਮਾਇਆ: "ਅਸਾਂ ਜੋ ਸ਼ਸਤ੍ਰ ਪਕੜਨੇ ਹੈਨਿ ਸੋ ਗੁਰੂ ਹਰਿ ਗੋਬਿੰਦ ਦਾ ਰੂਪ ਧਾਰਿ ਕਰ ਪਕੜਨੇ ਹੈਨਿ। ਸਮਾ ਕਲਯੁਗ ਦਾ ਵਰਤਣਾ ਹੈ। ਅਸਾਂ ਸ਼ਸਤ੍ਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਕਰ ਪੀਰ ਦੀ ਪੀਰੀ ਲੈ ਲੈਣੀ ਹੈ। ਤੁਸੀਂ ਛੇਵੀਂ ਪਾਤਸ਼ਾਹੀ ਦੇ ਹਜ਼ੂਰ ਰਹਿਣਾ।" —ਭਾਈ ਮਨੀ ਸਿੰਘ: ਸਿੱਖਾਂ ਦੀ ਭਗਤ ਮਾਲਾ। ਅੰਮ੍ਰਿਤਸਰ: ਖ਼ਾਲਸਾ ਸਮਾਚਾਰ, 1966, ਪੰਨਾ 137
2. ਮਹਾਤਮਾ ਗਾਂਧੀ ਨੇ ਵੀ, ਜੋ ਅਜੋਕੇ ਜੁਗ ਵਿਚ ਅਹਿੰਸਾ ਦੇ ਅਲਮਬਰਦਾਰ ਮੰਨੇ ਜਾਂਦੇ ਹਨ, ਇਹ ਕਬੂਲ ਕੀਤਾ ਕਿ, "ਜਿਥੇ ਕਾਇਰਤਾ ਤੇ ਹਿੰਸਾ ਵਿਚੋਂ ਇਕ ਨੂੰ ਚੁਣਨਾ ਪਵੇ, ਉਥੇ ਮੈਂ ਹਿੰਸਾ ਨੂੰ ਚੁਣਨ ਦੀ ਸਲਾਹ ਦੇਵਾਂਗਾ। ਬਿਨਾਂ ਮਾਰਨ ਦੇ ਮੈਂ ਮਰਨ ਦਾ ਸ਼ਾਂਤੀ ਭਰਪੂਰ ਹੌਸਲਾ ਪੈਦਾ ਕਰਨਾ ਚਾਹੁੰਦਾ ਹਾਂ। ਜਿਸ ਵਿਚ ਇਹ ਹੌਸਲਾ ਨਹੀਂ, ਉਸ ਨੂੰ ਮੈਂ ਮਰਨ ਮਾਰਨ ਦੀ ਸਲਾਹ ਦੇਣ ਤੋਂ ਸੰਕੋਚ ਨਹੀਂ ਕਰਾਂਗਾ ਤਾਂ ਜੁ ਉਹ ਨਿਪੁੰਸਕ ਨ ਹੋ ਜਾਵੇ। ਬੁਜ਼ਦਿਲੀ ਤੇ ਬੇਵਸੀ ਦਾ ਸ਼ਿਕਾਰ ਬਣੇ ਰਹਿਣ ਨਾਲੋਂ ਹਿੰਦੁਸਤਾਨ ਨੂੰ ਮੈਂ ਆਪਣੀ ਅਣਖ ਦੀ ਰਾਖੀ ਲਈ ਹਥਿਆਰ ਚੁਕਣ ਦੀ ਸਲਾਹ ਹੀ ਦਿਆਂਗਾ।" Quoted by Dr. S. Radhakrishnan : Religion and Society, (P. 236)
3. ਅਰ ਸਿੰਘ ਹੋਇ ਕਰਿ ਹਥਿਆਰ ਆਪਸ ਤੇ ਜੁਦਾ ਨਾ ਕਰੇ। —ਪ੍ਰੇਮ ਸੁਮਾਰਗ, ਪੰਨਾ 11
4. Quoted by S. Radhakrishnan Religion and Society, p. 224.



www.AKJ.Org

ਉਹਨਾਂ ਕਦੇ ਪਾਬੰਦੀ ਬਰਦਾਸ਼ਤ ਨ ਕੀਤੀ ।[1]

ਸਿਰੀ ਸਾਹਿਬ ਦੀ ਦਾਤ ਸੂਰਬੀਰਤਾ ਦੀ ਹੈ, ਅਣਖ ਦੀ ਦਾਤ ਹੈ, ਸੁਤੰਤ੍ਰਤਾ ਦੀ ਦਾਤ ਹੈ । ਇਸੇ ਨਾਲ ਸਾਡਾ ਜਨਮ ਹੋਇਆ, ਇਸੇ ਦੀ ਸਾਨੂੰ ਰਹਿਤ ਮਿਲੀ, ਇਸੇ ਦੀ ਉਪਾਸ਼ਨਾ ਪ੍ਰਾਪਤ ਹੋਈ, ਤੇ ਇਸੇ ਦੀ ਸਹਾਇਤਾ ਲਈ ਅਸੀਂ ਨਿੱਤ ਅਰਦਾਸ ਵਿਚ ਜੋਦੜੀ ਕਰਦੇ ਹਾਂ ।

1. ਸਰਕਾਰਾਂ, ਖ਼ਾਲਸਾ ਜੀ ਦੇ ਇਸ ਹੱਕ ਨੂੰ ਹਥਿਆਰਬੰਦੀ ਗਰਦਾਨ ਕੇ ਇਸ ਉਪਰ ਬਾਰ ਬਾਰ ਪਾਬੰਦੀ ਲਾਉਣ ਦਾ ਜਤਨ ਕਰਦੀਆਂ ਆਈਆਂ ਹਨ, ਕਿਉਂਕਿ ਜਨਤਾ ਦੀ ਹਥਿਆਰਬੰਦੀ ਉਹਨਾਂ ਨੂੰ ਆਪਣੇ ਅਧਿਕਾਰ ਦੀ ਚੁਨੌਤੀ ਜਾਪਦੀ ਸੀ । ਪਹਿਲਾਂ ਮੁਗ਼ਲਾਂ ਵੇਲੇ ਇਹ ਪਾਬੰਦੀ ਆਇਦ ਹੋਈ । ਓਦੋਂ ਕੇਵਲ ਸਿੱਖਾਂ ਤੇ ਹੀ ਨਹੀਂ, ਹਰ ਗ਼ੈਰ ਮੁਸਲਿਮ ਉਤੇ ਇਹੋ ਪਾਬੰਦੀ ਲਾਗੂ ਸੀ । ਕੇਵਲ ਸਿੱਖਾਂ ਨੇ ਕਿਰਪਾਨ ਪਹਿਨ ਕੇ ਆਪਣੀ ਆਜ਼ਾਦੀ ਦਾ ਐਲਾਨ ਕੀਤਾ ਤੇ ਇਸ ਸ਼ਾਹੀ ਪਾਬੰਦੀ ਦੀਆਂ ਧੱਜੀਆਂ ਉਡਾਈਆਂ । ਬਰਤਾਨਵੀ ਹਕੂਮਤ ਨੇ ਵੀ ਸਿੱਖਾਂ ਦੀ ਕਿਰਪਾਨ ਦੇ ਆਕਾਰ ਤੇ ਪਾਬੰਦੀ ਲਾਈ । ਚਾਲੀ ਸਾਲ ਸਿਖ ਕੌਮ ਨੇ ਇਸ ਪਾਬੰਦੀ ਵਿਰੁੱਧ ਮੋਰਚਾ ਲਾ ਕੇ ਇਸ ਦਾ ਵਿਰੋਧ ਕੀਤਾ । ਮਗਰੋਂ ਅੰਗਰੇਜ਼ਾਂ ਇਹ ਪਾਬੰਦੀ ਹਟਾ ਲਈ । 'ਆਜ਼ਾਦ ਭਾਰਤ' ਵਿਚ ਵੀ ਕਾਂਗਰਸ ਸਰਕਾਰ ਨੇ ਯੂ. ਪੀ. ਵਿਚ ਕਿਰਪਾਨ ਤੇ ਪਾਬੰਦੀ ਲਾਈ, ਪਰ ਮਗਰੋਂ ਵਾਪਸ ਲੈ ਲਈ ।

**ਵਿਅੰਗਮਈ–**

# ਸ਼ਰਧਾਂਜਲੀ

[ਸ: ਅਬਨਾਸ਼ ਸਿੰਘ ਬਿਰਗੀ, ਐਨ-੧੫ ਸੀ, ਸੈਕਿਟ, ਨਵੀਂ-ਦਿੱਲੀ ੧੭]

ਉਂਜ ਤਾਂ ਗੁਰਮੁਖ ਸਿੰਘ ਸੀ ਸਿਖ ਦਾ ਪੁਤ ਜ਼ਰੂਰ ।
ਪਰ ਗੁਰਸਿੱਖੀ ਮਾਰਗ ਤੋਂ ਹੈਸੀ ਉਹ ਕੋਹਾਂ ਦੂਰ ।
ਅੰਮ੍ਰਿਤ ਵੇਲੇ ਦਸ ਤੋਂ ਪਹਿਲਾਂ ਕਦੇ ਨਹੀਂ ਸੀ ਉਠਦਾ ।
ਬਾਣੀ ਦੇ ਨਿਤਨੇਮ ਦੇ ਪਾਸੇ ਉਹ ਕਦੇ ਨਹੀਂ ਸੀ ਟੁਰਦਾ ।
ਹਾਂ ਅੱਧੀ ਬੋਤਲ ਵਿਸਕੀ ਦਾ ਨਿਤਨੇਮ ਸੀ ਖ਼ੂਬ ਨਿਭਾਂਦਾ ।
ਜੂਆ ਖੇਡਣ ਦੇ ਲਈ ਕਲੱਬ ਵੀ ਨਿਤ ਸੀ ਜਾਂਦਾ ।
ਗੁੰਡਾ-ਗਰਦੀ ਵਿਚ ਗੁਰਮੁਖ ਹੈਸੀ ਸਭ ਤੋਂ ਅੱਗੇ ਅੱਗੇ ।
ਕ੍ਰਿਤ ਕਮਾਈ ਦੇ ਅਸੂਲ ਸਭੇ ਛਿੱਕੇ ਟੰਗ ਸੀ ਛੱਡੇ ।
ਸਮੱਗਲਿੰਗ ਦਾ ਉਹ ਧੰਧਾ ਕਰਕੇ ਪੈਸੇ ਖ਼ੂਬ ਕਮਾਂਦਾ ।
ਜ਼ਖ਼ੀਰੇ-ਬਾਜ਼ੀ ਚੋਰ-ਬਜ਼ਾਰੀ ਦੇ ਉਹ ਰਾਹ ਅਪਣਾਂਦਾ ।

ਰਾਤੀ ਕੁਝ ਜ਼ਿਆਦਾ ਪੀ ਕੇ ਗੁਰਮੁਖ ਸਿੰਘ ਜਦ ਸੋਇਆ ।
ਸਦਾ ਦੀ ਨੀਂਦੇ ਸੁੱਤਾ ਐਸਾ, ਉਠ ਕਦੇ ਨਹੀਂ ਹੋਇਆ ।
ਉਸ ਦੇ ਘਰ ਦੇ ਬੰਦੇ ਸਾਰੇ ਰੋਏ ਤੇ ਕੁਰਲਾਏ ।
ਭਾਣਾ ਰੱਬ ਦਾ ਕੀ ਵਰਤਿਆ, ਸਮਝ ਨਹੀਂ ਕੁਝ ਆਏ ।

ਅਖੰਡ ਪਾਠ ਦੇ ਭੋਗ ਨਾਲ ਜਦ ਤੇਰ੍ਹਵਾਂ ਉਸਦਾ ਹੋਇਆ ।
ਭੇਟ ਕਰਨ ਸ਼ਰਧਾਂਜਲੀ ਦੇ ਲਈ ਲੀਡਰ ਇਕ ਖਲੋਇਆ ।
ਕਹਿਣ ਲਗਾ ਕਿ ਗੁਰਮੁਖ ਸਿੰਘ ਜੀ ਅੰਮ੍ਰਿਤ ਵੇਲੇ ਉਠਦਾ ।
ਮੰਦੇ ਕੰਮਾਂ ਦੇ ਕੋਲੋਂ ਉਹ ਮੀਲਾਂ ਦੂਰ ਸੀ ਭਜਦਾ ।
ਸੱਚੀ ਗੱਲ ਹੈ ਗੁਰਮੁਖ ਸਿੰਘ ਸੀ ਪੂਰਾ ਗੁਰੂ ਦਾ ਸਿਖ ।
ਉਸਦੇ ਬਾਰੇ ਸਤਿਗੁਰੂ ਪਹਿਲਾਂ ਹੀ ਗਏ ਨੇ ਲਿਖ :
'ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ।
ਸਚੀ ਦਰਗਹ ਜਾਇ ਸਚਾ ਪਿੜ ਮਲਿਆ ।'

ਗੁਰੂ-ਹਜ਼ੂਰੀ ਵਿਚ ਸੁਣ ਸ਼ਰਧਾਂਜਲੀ, ਹੋ ਗਿਆ ਮੈਂ ਦੰਗ ।
ਅੰਦਰੋਂ ਇਹੋ ਨਿਕਲਿਆ ਕਿ ਵਾਹ ਲੀਡਰ ਤੂੰ ਧੰਨ ।
ਇਸ ਫੋਕੀ ਵਡਿਆਈ ਦੀ ਭਲਾ ਦਸੋ ਕੀ ਹੈ ਲੋੜ ।
ਕੇਵਲ ਇਕ ਅਰਦਾਸ ਇਹ ਕਰੀਏ, ਸਤਿਗੁਰੂ ਜੀ ਤੂੰ ਬੋੜ੍ਹ ।
ਭੁਲਣਹਾਰੇ ਜੀਵ ਹਾਂ ਅਸੀਂ, ਨਿਤ ਲਖਾਂ ਭੁਲਾਂ ਕਰੀਏ ।
ਦਇਆ ਕਰੀਂ ਹੇ ਬਖਸ਼ਣਹਾਰੇ, ਭਵਸਾਗਰ ਤੋਂ ਤਰੀਏ ।

'ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥'



www.AKJ.Org

# ਸੱਚੀ ਬਾਣੀ ਅਤੇ ਕੱਚੀਆਂ ਧਾਰਨਾਂ

[ਗਿਆਨੀ ਧਰਮ ਸਿੰਘ ਜੀ, ਭੰਖਰਪੁਰ (ਪਟਿਆਲਾ)]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਮਹਾਨ ਏ। ਵਿਸ਼ੇ ਵਸਤੂ, ਵਿਆਕਰਣ, ਪਿੰਗਲ ਤੇ ਸਾਹਿਤਕ ਪੱਖੋਂ, ਸਰਬੋਤਮ ਏ। ਇਹ ਉੱਤਮ ਬਾਣੀ, ਬਾਣੀਆਂ ਸਿਰ ਬਾਣੀ, ਧੁਰ ਖਸਮ ਕੀ ਬਾਣੀ, ਆਦਿ-ਜੁਗਾਦੀ, ਤ੍ਰੈ-ਕਾਲ ਸੱਚੀ ਏ। ਇਹ ਸਤਿਗੁਰ-ਸਤਿਪੁਰਖ ਦੀ ਸੰਪੂਰਨ ਬਾਣੀ ਏ। ਪੂਰੇ ਸਤਿਗੁਰ ਦੀ ਬਾਣੀ ਵੀ ਪੂਰੀ। ਊਣਤਾਈ ਦਾ ਪ੍ਰਸ਼ਨ ਹੀ ਨਹੀਂ।

ਗੁਰਬਾਣੀ ਦੇ ਇਸ ਅਥਾਹ-ਸਾਗਰ ਵਿਚੋਂ, ਵੱਡ-ਮੁਲੀ ਵਸਤ ਪ੍ਰਾਪਤ ਕਰਨ ਲਈ, ਟੁੱਭੀ ਲਾਉਣ ਦੀ ਜ਼ਰੂਰਤ ਏ। ਇਸੇ ਵਿਚ ਸਗਲ ਪਦਾਰਥ ਮੌਜੂਦ ਹਨ। 'ਜੋਈ ਜੋਈ ਖੋਜਦਾ ਏ, ਪ੍ਰਾਪਤ ਕਰ ਲੈਂਦਾ ਏ। ਦੁੱਧ ਦਾ ਦਹੀਂ ਬਿਲੋਣ ਨਾਲ ਮੱਖਣ ਮਿਲ ਪੈਂਦਾ ਏ। ਨੀਰ ਫੋਕਾ ਰਿੜਕੀਏ, ਮੱਖਣ ਕਿਥੋਂ ਆਵੇ? ਗੁਰਬਾਣੀ ਦਾ ਤੱਤ ਸਾਰ ਜਾਣਨ ਲਈ, ਗੁਰਬਾਣੀ ਵਿਚ ਲਿਵ-ਲੀਨਤਾ ਜ਼ਰੂਰੀ ਏ। ਸ਼ਬਦ ਵਿਚ ਸੁਰਤਿ ਦੀ ਅਭੇਦਤਾ ਜ਼ਰੂਰੀ ਏ। ਗੁਰਬਾਣੀ ਦਾ ਸੁੱਧ ਉਚਾਰਨ, ਪਾਠ, ਕੀਰਤਨ ਬਾਰੰਬਾਰ ਕਰਨਾ ਅਤਿ ਲਾਹੇਵੰਦ ਹੈ।

ਰਾਗਾਂ ਸਾਜ਼ਾਂ ਸੰਗ ਕੀਤਾ ਗੁਰਬਾਣੀ ਦਾ ਕੀਰਤਨ, ਮਨੁੱਖਾ-ਜੀਵਨ ਨੂੰ ਸੁਰ-ਤਾਲ ਵਿਚ ਜੀਊਣ ਦਾ ਵੱਲ ਸਿਖਾਉਂਦਾ ਹੈ। ਇਸੇ ਲਈ ਸਤਿਗੁਰਾਂ ਨੇ ਕਲਿਜੁਗ ਦੇ ਇਸ ਭਿਆਨਕ ਸਮੇਂ ਵਿਚ ਕੀਰਤਨ ਨੂੰ ਪ੍ਰਧਾਨਤਾ ਬਖ਼ਸ਼ੀ ਏ। ਗੁਰੂ-ਘਰ ਵਿਚ ਕੀਰਤਨ ਦਾ ਬੜਾ ਉਚਾ ਅਸਥਾਨ ਏ ਅਤੇ ਗੁਰਬਾਣੀ ਦਾ ਕੀਰਤਨ ਕਰਨ ਵਾਲਿਆਂ ਕੀਰਤਨੀਆਂ ਨੂੰ ਵੀ "ਭਲੋ ਭਲੋ" ਆਖ ਕੇ, ਸਤਿਗੁਰਾਂ ਨੇ ਸਤਿਕਾਰਿਆ ਏ।

ਗੁਰਬਾਣੀ ਛੰਦਾ-ਬੰਦੀ ਵਿਚ ਏ। ਛੰਦਾ-ਬੰਦੀ ਦਾ ਸੰਬੰਧ ਕਿਸੇ ਲੈਅ-ਤਾਲ-ਸੁਰ ਜਾਂ ਰਾਗ ਨਾਲ ਏ। ਰਾਗਾਂ ਵਿਚ ਰਚੀ, ਇਸ ਰੱਬੀ ਬਾਣੀ ਨੂੰ ਰਾਗਾਂ ਅਨੁਸਾਰ ਗਾਉਣ ਦੀ ਹੀ ਆਗਿਆ ਹੈ। ਪਿੰਗਲ-ਅਸੂਲ ਅਨੁਸਾਰ ਛੰਦਾ-ਬੰਦੀ ਦੀ ਲਗ-ਮਾਤਰ ਘਟਾਉਣ ਵਧਾਉਣ ਨਾਲ ਜਿਥੇ ਸੁਰ-ਤਾਲ ਤੇ ਚਾਲ ਵਿਚ ਰੁਕਾਵਟ ਪੈਂਦੀ ਹੈ ਉਥੇ ਇੰਜ ਕਰਨ ਨਾਲ ਕਈ ਵਾਰ ਅਰਥ ਦਾ ਅਨਰਥ ਵੀ ਹੋ ਜਾਂਦਾ ਹੈ। ਇਸੇ ਲਈ ਗੁਰਬਾਣੀ ਨੂੰ ਜਿਉਂ ਦੀ ਤਿਉਂ ਸੰਬੰਧਤ ਰਾਗਾਂ ਅਨੁਸਾਰ ਜਾਂ ਬਣਦੀ ਤਰਜ਼ ਨਾਲ, ਧੁਨੀ ਅਨੁਸਾਰ ਗਾਉਣ ਦੀਆਂ ਸੂਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਅੰਕਿਤ ਹਨ। ਭਾਵੇਂ ਇਹ ਕਾਰਜ ਕਠਿਨ ਜ਼ਰੂਰ ਏ, ਪਰੰਤੂ ਤਿਆਗਣ ਯੋਗ ਨਹੀਂ। ਅਪਣਾਉਣਾ ਬਣਦਾ ਏ।

ਸੋ ਇਹ ਗੱਲ ਨਿਰਣਿਤ ਹੈ ਕਿ ਗੁਰਬਾਣੀ ਦੀ ਲਗ-ਮਾਤਰ ਦਾ ਧਿਆਨ ਰੱਖਣਾ ਜ਼ਰੂਰੀ ਏ। ਇਸ ਪ੍ਰਕਾਰ ਗਾਈ ਬਾਣੀ ਦਾ ਨਾਮ ਹੀ 'ਕੀਰਤਨ' ਏ, ਜਿਸ ਨੂੰ ਸਤਿਗੁਰੂ ਜੀ ਨੇ 'ਨਿਰਮੋਲਕ ਹੀਰਾ' ਆਖਿਆ ਏ। ਪਰੰਤੂ ਉਹਨਾਂ ਦਾ ਕੀ ਕਰੀਏ ਜੋ ਗੁਰਬਾਣੀ ਨੂੰ ਅਖਾੜੇ ਦੀਆਂ ਬੋਲੀਆਂ ਵਿਚ ਤਬਦੀਲ ਕਰ ਕੇ, ਇਸ ਦੇ 'ਮੂਲ-ਸਰੂਪ' ਨੂੰ ਤੋੜ ਮਰੋੜ ਕੇ, ਸਿੱਧੀਆਂ ਧਾਰਨਾਵਾਂ ਵਿਚ ਗਾਉਂਦੇ ਹਨ। ਆਮ ਤੌਰ ਤੇ ਇਹੋ ਜਿਹੇ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਜਾਂਦਾ ਹੈ ਕਿ ਇੰਜ ਕਰਨ ਨਾਲ ਗੁਰਬਾਣੀ ਦੀ ਸੌਖੇ ਹੀ ਸਮਝ ਲੱਗ ਜਾਂਦੀ ਏ। ਪਰ ਅਜਿਹਾ ਕਰਨਾ ਜਾਂ ਕਹਿਣਾ ਕੁਰਾਹੇ ਪੈਣਾ ਹੈ। ਗੁਰਬਾਣੀ ਦੀਆਂ ਤੁਕਾਂ ਨੂੰ ਤਰੋੜ ਮਰੋੜ ਕੇ ਜਾਂ ਇਧਰ ਉਧਰ ਵਧਾ ਘਟਾ ਕੇ ਆਪਣੀਆਂ ਘੜੀਆਂ ਤਰਜ਼ਾਂ ਵਿਚ ਗਾਉਣਾ ਪਵਿਤਰ ਬਾਣੀ ਦੀ ਬੇਅਦਬੀ ਕਰਨੀ ਹੈ। ਬਾਬਾ ਰਾਮ ਰਾਇ ਦੀ ਮਿਸਾਲ ਸਾਹਮਣੇ ਹੈ ਕਿ ਇਕ ਲਫ਼ਜ਼ ਬਦਲਣ ਨਾਲ ਸਤਿਗੁਰੂ ਪਾਤਸ਼ਾਹ ਗੁਰੂ ਹਰਿ ਰਾਇ ਸਾਹਿਬ ਜੀ ਨੇ, ਇਸ ਅਪਰਾਧ ਕਾਰਨ ਆਯੂ ਪ੍ਰਯੰਤ ਉਸ ਨੂੰ ਮੁਖ ਨਹੀਂ ਸੀ ਲਾਇਆ।

ਇਹ ਠੀਕ ਹੈ ਕਿ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਸਮੁੱਚੇ ਸੰਸਾਰ ਵਿਚ ਹੋਣਾ ਤੇ ਕਰਨਾ ਜ਼ਰੂਰੀ ਏ। ਇਸ ਦੀ ਅਤਿ ਲੋੜ ਏ। ਦੇਸ਼ੀ ਅਤੇ ਵਿਦੇਸ਼ੀ ਭਾਸ਼ਾਵਾਂ-ਲਿੱਪੀਆਂ ਵਿਚ ਗੁਰਮਤਿ-ਸਿਧਾਂਤ ਤੇ ਗੁਰਮਤਿ ਫਲਸਫੇ ਨੂੰ ਲੋਕਾਂ ਤੱਕ ਪੁੱਜਦਾ ਕਰਨਾ ਸਾਡਾ ਫ਼ਰਜ਼ ਹੈ। ਪਰੰਤੂ ਕੀਰਤਨ ਦੀ ਨਿਰਮੋਲਕ ਵਸਤੂ ਗੁਰਬਾਣੀ ਦੇ



www.AKJ.Org

ਮੂਲ ਸਰੂਪ ਵਿਚ ਹੀ ਸਮੋਈ ਹੋਣ ਕਰਕੇ, ਕੀਰਤਨ-ਰਸ ਦੀ ਅਨੰਦਮਈ ਪ੍ਰਾਪਤੀ ਇਸ ਵਿਚੋਂ ਹੀ ਹੈ। ਕਿਸੇ ਹੋਰ ਤਰਜਮੇ ਵਿਚੋਂ ਹੋਣੀ ਮੁਸ਼ਕਿਲ ਏ।

ਗੁਰਬਾਣੀ ਨਾਲ ਮਿਲਾ ਕੇ ਗਾਈਆਂ ਕੱਚੀਆਂ ਧਾਰਨਾਵਾਂ ਵਾਲੀਆਂ ਕੈਸੇਟਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ-ਪਾਠ ਨੂੰ ਵਿਗਾੜਨ ਵਿਚ ਜਿਥੇ ਸਹਾਇਕ ਹੋ ਸਕਦੀਆਂ ਹਨ ਉਥੇ ਗੁਰਬਾਣੀ ਦੇ ਉਚ-ਮਿਆਰ ਨੂੰ ਘਟਾਉਣ ਵਿਚ ਵੀ ਭਾਗੀ ਹੋ ਸਕਦੀਆਂ ਹਨ। ਇਹਨਾਂ ਗੱਲਾਂ ਨੂੰ ਅੱਜ ਵਾਧੂ ਫ਼ਜ਼ੂਲ ਜਾਣ ਕੇ, ਅਣਗੌਲਿਆ ਛੱਡ ਦੇਣਾ, ਕਲ੍ਹ ਲਈ ਗੁਰਬਾਣੀ ਸੰਬੰਧੀ ਹੋਰ ਉਲਝਣਾਂ ਖੜਾ ਕਰਨ ਦੇ ਤੁੱਲ ਹੋਏਗਾ। ਸੋ ਇਹੋ ਜਿਹੇ ਪੁਰਖਾਂ ਨੂੰ, ਜੋ ਇਸ ਪਾਸੇ ਤੁਰੇ ਹੋਏ ਹਨ, ਨਿਮਰਤਾ ਸਹਿਤ ਬੇਨਤੀ ਹੈ ਕਿ ਸਤਿਗੁਰੂ ਜੀ ਦਾ ਹੁਕਮ ਸਤਿ ਸਤਿ ਕਰਕੇ ਜਾਣਨ ਤੇ ਇੰਨ ਬਿੰਨ ਸੱਚੀ ਬਾਣੀ ਦਾ ਹੀ ਕੀਰਤਨ ਕਰਨ। ਇਸੇ ਕੱਚ-ਪਿੱਚ ਨੂੰ ਰੋਕਣ ਲਈ ਸ੍ਰੀ ਗੁਰੂ ਅਮਰ-ਦਾਸ ਜੀ ਨੇ ਅਨੰਦ ਸਾਹਿਬ ਵਿਚ ਬਾਰ ਬਾਰ ਤਾਕੀਦ ਕੀਤੀ ਹੈ—

ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥੯॥

ਅਤੇ—ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥੨੩॥

ਗੁਰੂ ਪਾਤਸ਼ਾਹ ਦੀ ਰਚੀ ਹੋਈ ਬਾਣੀ ਨੂੰ ਹੀ ਹੂ ਬਹੂ ਗਾਵੋ। ਸਤਿਗੁਰੂ ਦੇ ਮੁਖਾਰਬਿੰਦ ਤੋਂ ਉਚਾਰੀ ਹੋਈ ਹੀ ਸੱਚੀ ਬਾਣੀ ਹੈ, ਹੋਰ ਕੋਈ ਵੀ ਰਲ-ਗਡ ਕੀਤੀ ਹੋਈ ਗੁਰਬਾਣੀ ਨਹੀਂ। ਇਸੇ ਗੱਲ ਤੇ ਜ਼ੋਰ ਦਿੰਦਿਆਂ, ਸਤਿਗੁਰੂ ਜੀ ਨੇ ਅਗਲੀ ਪਉੜੀ ਵਿਚ ਹੋਰ ਸਪੱਸ਼ਟ ਕਰ ਦਿਤਾ ਹੈ—

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥

ਕੱਚੀ ਬਾਣੀ ਵਿਚ ਰਲਾ ਪਾਉਣ ਵਾਲਿਆਂ ਨੂੰ ਵੀ ਸਤਿਗੁਰੂ ਜੀ ਨੇ ਇਨ੍ਹਾਂ ਲਫ਼ਜ਼ਾਂ ਵਿਚ ਕੱਚੇ ਸਿਖ ਆਖਿਆ ਹੈ ਕਿ ਕਹਿਣ ਵਾਲੇ ਵੀ ਕੱਚੇ, ਸੁਣਨ ਵਾਲੇ ਵੀ ਕੱਚੇ ਅਤੇ ਵਖਾਨਣ ਵਾਲੇ ਵੀ ਕੱਚੇ ਹਨ—

ਕਹਦੇ ਕਚੇ, ਸੁਣਦੇ ਕਚੇ, ਕਚੀਂ ਆਖਿ ਵਖਾਣੀ ॥੨੪॥

[ਕਚੀਂ ਆਖਿ ਵਖਾਣੀ—ਕੱਚਿਆਂ ਨੇ ਆਖ ਕੇ ਵਖਾਣੀ ਹੈ]

---


# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਅਣਡਿੱਠੀ ਦੁਨੀਆ | ੨੫-੦੦ | ਗੁਰਮਤਿ ਨਾਮ ਅਭਿਆਸ ਕਮਾਈ | ੨੦-੦੦ |
| ਗੁਰਮਤਿ ਲੇਖ | ੨੦-੦੦ | ਨਾਮ ਤੇ ਨਾਮ ਦਾ ਦਾਤਾ | ੨੦-੦੦ |
| ਗੁਰਮਤਿ ਵਿਚਾਰ | ੨੦-੦੦ | ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ ? | ੧੨-੦੦ |
| ਗੁਰਮਤਿ ਪ੍ਰਕਾਸ਼ | ੧੫-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਗੁਰਮਤਿ ਬਿਬੇਕ | ੨੦-੦੦ | ਰੰਗਲੇ ਸੱਜਣ | ੨੦-੦੦ |
| ਜੇਲ੍ਹ ਚਿੱਠੀਆਂ | ੩੫-੦੦ | ਗੁਰਮਤਿ ਗੌਰਵਤਾ | ੩੨-੦੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਸਚਖੰਡ ਦਰਸ਼ਨ | ੭-੫੦ |
| ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਅੰਮ੍ਰਿਤ ਕੀ ਹੈ ? | ੩-੦੦ | ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |
| ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ | ਹਉਮੈ ਨਾਵੈ ਨਾਲਿ ਵਿਰੋਧ ਹੈ | ੧-੦੦ |
| ਵਾਹਿਗੁਰੂ ਸਿਮਰਨ | ੦-੭੫ | ਆਸਤਕ ਤੇ ਨਾਸਤਕ | ੦-੭੫ |


www.AKJ.Org

# ਸਤਿਗੁਰ ਬਖਸੰਦਾ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਸੰਸਾਰ ਬੜੀ ਬਚਿਤਰ ਰੰਗ-ਭੂਮੀ ਹੈ। ਕਾਦਰ ਨੇ ਕੁਦਰਤ ਨੂੰ ਏਨੀ ਸੁੰਦਰਤਾ ਅਤੇ ਸਮਰੱਥਾ ਬਖਸ਼ੀ ਹੋਈ ਹੈ ਕਿ ਮਨੁਖੀ ਮਨ ਬਦੋ ਬਦੀ ਇਸ ਵਲ ਆਕਰਸ਼ਤ ਹੋ ਜਾਂਦਾ ਹੈ। ਕੁਦਰਤ ਦੀ ਸੁੰਦਰਤਾ ਅਤੇ ਸਮਰੱਥਾ ਮਾਣਨਾ ਤਾਂ ਮਨੁੱਖੀ ਹੱਕ ਹੈ, ਪਰ ਜਦੋਂ ਮਨੁਖ ਕੁਦਰਤ 'ਤੇ ਮੁਹਤ ਹੋ ਕੇ ਕਾਦਰ ਵਲੋਂ ਮੂੰਹ ਮੋੜ ਲੈਂਦਾ ਹੈ ਤਾਂ ਕੁਦਰਤ ਇਸ ਲਈ ਬੰਦੀ-ਖਾਨਾ ਹੋ ਨਿਬੜਦੀ ਹੈ।

ਸੰਸਾਰ ਦੇ ਅਰੰਭ-ਕਾਲ ਤੋਂ ਹੁਣ ਤਕ ਦੀ ਮਨੁੱਖੀ ਜੀਵਨ-ਯਾਤਰਾ ਲੰਮੀ ਕਹਾਣੀ ਹੈ। ਗੁਰਬਾਣੀ ਅਨੁਸਾਰ—

ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥੭੨॥
[ਗਉੜੀ ਗੁਆ: ਮ: ੫, ਪੰਨਾ ੧੭੬

ਸੰਸਾਰ ਵਿਚ ਜਿਥੇ ਮਨੁੱਖੀ ਮਨ ਦੇ ਵਿਚਿਲਤ ਹੋ ਕੇ ਖੁਆਰ ਹੋਣ ਦੇ ਕਈ ਸਮਿਆਨ ਮੌਜੂਦ ਹਨ ਓਥੇ ਵਿਧਾਤਾ ਨੇ ਇਸ ਦੀ ਖੁਆਰੀ ਨੂੰ ਮੇਟ ਕੇ ਸੁਰਖ਼ਰੂ ਕਰਨ ਦੇ ਸਾਧਨ ਵੀ ਮੁਹੱਈਆ ਕਰ ਰਖੇ ਹਨ।

ਸੰਸਾਰ ਉਤੇ 'ਗੁਰੂ-ਸੰਸਥਾ' ਦੀ ਸਥਾਪਨਾ ਵਿਧਾਤਾ ਵਲੋਂ ਮਨੁੱਖਤਾ ਪ੍ਰਤੀ ਸਭ ਤੋਂ ਵਡੀ ਦੇਣ ਹੈ। 'ਗੁਰੂ' ਦਾ ਕਰਤੱਵ ਮਨੁੱਖ ਨੂੰ ਫ਼ਰਸ਼ ਤੋਂ ਚੁਕ ਅਰਸ਼ ਤੇ ਲਿਜਾਣਾ ਹੈ। ਸੰਸਾਰ ਉਤੇ ਕੇਵਲ ਗੁਰੂ ਹੀ ਅਜਿਹਾ ਸ਼ਾਹ ਹੈ, ਜਿਸ ਦਾ ਬਿਰਦ ਅਉਗੁਣਾਂ ਨੂੰ ਲੈ ਕੇ ਗੁਣਾਂ ਦਾ ਸੰਚਾਰ ਕਰਨਾ ਹੈ—

ਸਉਦਾ ਇਕਤ ਹਟਿ ਹੈ ਸ਼ਾਹ ਸਤਿਗੁਰੁ ਪੂਰਾ ॥
ਅਉਗੁਣ ਲੈ ਗੁਣ ਵਿਕਣੈ ਵਚਨੈ ਦਾ ਸੂਰਾ ॥ [ਭਾ: ਗੁਰਦਾਸ ਜੀ, ਵਾਰ ੧੩, ਪਉੜੀ ੨੧

ਜਿਵੇਂ ਅਉਗੁਣਾਂ ਵਿਚ ਪਰਵਿਰਤ ਹੋ ਕੇ ਬਾਰ ਬਾਰ ਭੁਲ ਕਰੀ ਜਾਣਾ ਮਨੁੱਖੀ ਸੁਭਾਵ ਹੈ ਤਿਵੇਂ ਹੀ ਭੁਲੇ ਭਟਕੇ ਮਨੁੱਖਾਂ ਤੇ ਮਿਹਰ ਕਰ ਕੇ ਉਹਨਾਂ ਦੀਆਂ ਭੁਲਾਂ ਨੂੰ ਨਜ਼ਰ-ਅੰਦਾਜ਼ ਕਰੀ ਜਾਣਾ ਗੁਰੂ ਦਾ ਬਿਰਦ ਹੈ। "ਗੁਰੂ ਘਰ ਸਦਾ ਹੀ ਬਖਸ਼ਿੰਦ ਹੈ", ਇਹ ਤੱਥ ਮਨੁੱਖ ਮਾਤ੍ਰ ਲਈ ਵਡਾ ਧਰਵਾਸ ਹੈ—

ਸਿਮਰਿ ਮੁਗੰਦਾ ਢਾਢੀਆ ਸਤਿਗੁਰ ਬਖਸ਼ੰਦਾ ॥ [ਭਾਈ ਗੁਰਦਾਸ ਜੀ, ਵਾਰ ੩੬, ਪਉੜੀ ੨੧

ਜਿਥੇ ਮਨੁਖ ਦੀਆਂ ਭੁਲਾਂ ਦਾ ਬੜਾ ਲੰਮਾ ਇਤਿਹਾਸ ਹੈ ਓਥੇ ਨਾਲ ਹੀ ਗੁਰੂ-ਘਰ ਦੀਆਂ ਬਖ਼ਸ਼ਸ਼ਾਂ ਦੀ ਵੀ ਲੰਮੀ ਗਾਥਾ ਹੈ।

ਕਿਡੀ ਕੁ ਵਡੀ ਭੁਲ ਦੀ ਮਾਫ਼ੀ ਸੰਭਵ ਹੈ ? ਗੁਰਬਾਣੀ ਅਗਵਾਈ ਕਰਦੀ ਹੈ ਕਿ ਭੁਲ ਭਾਵੇਂ ਕਿਡੀ ਵਡੀ ਹੋਵੇ, ਪਰ ਜੇ ਮਨੁੱਖ ਨੂੰ ਇਸ ਦਾ ਅਹਿਸਾਸ ਹੋ ਜਾਵੇ ਅਤੇ ਪਛਤਾਵਾ ਮਨ ਵਿਚ ਆ ਜਾਵੇ ਤਾਂ ਬਖਸ਼ਸ਼ ਦੇ ਦਰਵਾਜ਼ੇ ਸਦਾ ਖੁਲ੍ਹੇ ਹਨ—

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ ॥
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ...॥੧੩॥
[ਬਿਲਾਵਲ ਕੀ ਵਾਰ ਮ: ੪, ਪੰਨਾ ੮੫੪

ਅਜੇ ਹੁਣੇ ਹੀ ਵਾਪਰੀ ਬੂਟਾ ਸਿੰਘ ਦੀ ਮਿਸਾਲ ਸਾਡੇ ਸਾਹਮਣੇ ਹੈ। ਸਰਕਾਰੀ ਸ਼ਹਿ 'ਤੇ ਅਤੇ ਰਾਜ-ਮਦ ਦੀ ਮਸਤੀ ਅਧੀਨ ਉਸ ਨੇ ਕਈ ਅਵੱਗਿਆਂ ਕੀਤੀਆਂ। ਸਰਕਾਰ ਵਲੋਂ, ਜਿਸ ਵਿਚ ਇਹ ਵਿਅਕਤੀ ਭਾਗੀਦਾਰ ਸੀ, ਗੁਰੂ-ਘਰ 'ਤੇ ਫ਼ੌਜੀ ਹਮਲੇ ਹੋਏ। ਜਿਥੇ ਗੁਰ-ਅਸਥਾਨਾਂ ਦੀ ਬੇਅਦਬੀ ਤੇ ਨੁਕਸਾਨ ਹੋਇਆ, ਓਥੇ ਸਿਖ ਭਾਈਚਾਰੇ ਦਾ ਬੇਓੜਕ ਜਾਨੀ ਤੇ ਮਾਲੀ ਨੁਕਸਾਨ ਵੀ ਹੋਇਆ। ਸਰਕਾਰੀ ਸ਼ਹਿ ਤੇ ਸਰਬੱਤ ਖਾਲਸੇ



www.AKJ.Org

ਦਾ ਫ਼ਰਾਡ ਕੀਤਾ ਗਿਆ। ਇਸ ਵਿਅਕਤੀ ਨੇ ਪੂਰੇ ਨੌਂ ਸਾਲ ਗੁਰੂ-ਘਰ ਵਲ ਪਿੱਠ ਕਰੀ ਰਖੀ ਤੇ ਸਿਖ ਭਾਈ-ਚਾਰੇ ਨਾਲੋਂ ਟੁਟਾ ਰਿਹਾ। ਅਖ਼ੀਰ ਜ਼ਮੀਰ ਨੇ ਫਿਟਕਾਰ ਪਾਈ ਤਾਂ ਦਿਲੀ ਵਲ ਪਿੱਠ ਕਰ ਕੇ ਇਹ ਗੁਰੂ ਦੀ ਸ਼ਰਨ ਹਾਜ਼ਰ ਹੋਇਆ। ਸਾਰੀਆਂ ਭੁਲਾਂ ਨੂੰ ਸਿਰ ਮੱਥੇ ਮੰਨ ਕੇ ਮਾਫ਼ੀ ਦੀ ਦਰਖ਼ਾਸਤ ਕੀਤੀ।

ਧਰਤੀ ਤੇ ਧਰਮ ਵਰਤਾਉਣ ਵਾਲੀ ਸਰਵੁੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਪਣਾ ਬਖ਼ਸ਼ਿੰਦ ਬਿਰਦ ਪਛਾਣਦਿਆਂ ਹੋਇਆਂ ਸ਼ਰਨ ਆਏ ਸਿਖ ਦੀਆਂ ਭੁਲਾਂ ਮਾਫ਼ ਕਰ ਕੇ ਉਸਨੂੰ ਗਲ ਨਾਲ ਲਾ ਲਿਆ ਹੈ। ਇਸ ਘਟਨਾ ਨਾਲ ਇਤਿਹਾਸ ਦੁਹਰਾਇਆ ਗਿਆ ਹੈ। ਖ਼ਾਲਸਾ ਪਰੰਪਰਾਵਾਂ ਦਾ ਬੋਲ-ਬਾਲਾ ਹੋਇਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਆਦਿਲਾ ਤੇ ਸਦੈਵ-ਕਾਲੀ ਮਾਨਵ-ਹਿਤੈਸ਼ੀ ਅਤੇ ਬਖਸ਼ਿੰਦ ਪੱਖ ਉਜਾਗਰ ਹੋਇਆ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਸੰਬੰਧੀ ਅਖ਼ਬਾਰਾਂ ਵਿਚ ਕਈ ਸਜਣਾਂ ਵਲੋਂ ਕੁਝ ਕਿੰਤੂ ਪਰੰਤੂ ਵੀ ਪੜ੍ਹਨ ਵਿਚ ਆਇਆ ਹੈ ਸਿਖ ਜਗਤ ਵਿਚ ਇਹ ਇਕ ਮਾੜੀ ਪਿਰਤ ਹੈ। ਫ਼ੈਸਲੇ ਨਾਲ ਸੰਬੰਧਤ ਵਿਅਕਤੀ ਪ੍ਰਤੀ ਨਿਜੀ ਲਗਾਉ ਜਾਂ ਨਿਜੀ ਵਿਰੋਧ ਦੇ ਅਧਾਰ 'ਤੇ ਸਿਖ ਵਿਦਵਾਨਾਂ ਦੀ ਵਿਚਾਰਧਾਰਾ ਦਾ ਪਰਸਪਰ ਵਖਰੇਵਾਂ ਹੈ। ਕਈਆਂ ਦਾ ਵਿਚਾਰ ਹੈ ਕਿ ਤਨਖ਼ਾਹ ਬਹੁਤ ਲਾਈ ਗਈ ਹੈ, ਪਰ ਦੂਜੇ ਪਾਸੇ ਕਈਆਂ ਦੀ ਧਾਰਨਾ ਹੈ ਕਿ ਏਨੇ ਵਡੇ ਦੋਸ਼ੀ ਨੂੰ ਥੁਥ ਮੁਥ ਕਰ ਕੇ ਹੀ ਬਖ਼ਸ਼ ਦਿਤਾ ਗਿਆ ਹੈ। ਪਰ ਇਸ ਮਸਲੇ ਅਤੇ ਹਾਲਾਤ ਦੀਆਂ ਪੇਚੀਦਗੀਆਂ ਨੂੰ ਵਿਚਾਰਦਿਆਂ ਹੋਇਆਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਸਾਵਾਂ ਅਤੇ ਸੁਘੜ ਹੈ ਅਤੇ ਪੰਥਕ ਪਰੰਪਰਾਵਾਂ ਅਤੇ ਪੰਥਕ ਹਿਤਾਂ ਦੇ ਐਨ ਅਨੁਕੂਲ ਹੈ। ਸਿਖ ਧਰਮ ਦੀ ਸਰਬ-ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਪ੍ਰਤੀ ਟਿਪਣੀ ਕਰਨ ਦਾ ਕਿਸੇ ਸਿਖ-ਮਾਤ੍ਰ ਨੂੰ ਅਧਿਕਾਰ ਨਹੀਂ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਤਾਂ ਅਟੱਲ ਹੈ, ਟਿਪਣੀਆਂ ਕਰਨ ਵਾਲੇ ਕਿਸੇ ਰੌ-ਰਿਐਤ ਜਾਂ ਵਿਰੋਧਤਾ ਦੀ ਭਾਵਨਾ ਵਿਚ ਫਸੇ ਹੋਏ ਐਵੇਂ ਆਪਣੇ ਆਪ ਨੂੰ ਹੀਣਾ ਤੇ ਹੌਲਾ ਕਰੀ ਜਾ ਰਹੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਜਥੇਦਾਰ ਸਾਹਿਬ ਸਮੇਤ ਪੰਜ ਸਿੰਘ ਸਾਹਿਬਾਨ ਵਲੋਂ ਲਏ ਜਾਂਦੇ ਹਨ। ਚੂੰਕਿ ਪੰਜ ਸਿੰਘ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਪੰਥ ਦੀ ਪ੍ਰਤੀਨਿਧਤਾ ਕਰ ਰਹੇ ਹੁੰਦੇ ਹਨ, ਇਸ ਲਈ ਉਹਨਾਂ ਦੀ ਬੜੀ ਮਹਾਨਤਾ ਹੈ। ਪਰ ਜੋ ਫ਼ੈਸਲੇ ਉਹਨਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਅਤੇ ਪੰਥਕ ਪਰੰਪਰਾਵਾਂ ਦੀ ਰੌਸ਼ਨੀ ਵਿਚ ਲਏ ਜਾਂਦੇ ਹਨ, ਉਹ ਉਹਨਾਂ ਦੇ ਨਿਜੀ ਨਹੀਂ, ਸਗੋਂ ਪੰਥਕ ਫ਼ੈਸਲੇ ਹੁੰਦੇ ਹਨ। ਇਸ ਲਈ ਉਹਨਾਂ ਨੂੰ ਸਿੰਘ ਸਾਹਿਬਾਨ ਦੇ ਫ਼ੈਸਲੇ ਕਰਕੇ ਦਰਸਾਉਣ ਦੀ ਬਜਾਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਕਰਕੇ ਵਰਨਾਉਣਾ ਵਧੇਰੇ ਦਰੁਸਤ ਅਤੇ ਪ੍ਰਭਾਵਸ਼ਾਲੀ ਹੁੰਦਾ ਹੈ।

# ਸੱਚ-ਮਿਲਾਪ ਦੀ ਸੱਚੜੀ ਨਿਸ਼ਾਨੀ

ਸਤਿਗੁਰੂ ਦੇ ਸੱਚ-ਮਿਲਾਪ ਦੀ ਸੱਚੜੀ ਨਿਸ਼ਾਨੀ ਇਹ ਹੈ, ਜਿਸ ਦੇ ਮਿਲਾਪ ਕਰਿ ਨਾਮ-ਅਭਿਆਸ ਦਾ ਫਿਲ-ਫ਼ੋਰਾ ਤੋਰਾ ਤੁਰ ਪਵੇ ਅਤੇ ਨਾਮਿ ਲਿਵਤਾਰ ਲਗ ਜਾਵੇ। ਜਿਨ੍ਹਾਂ ਦਾ ਨਾਮ-ਅਭਿਆਸ ਰੂਪੀ ਤੋਰਾ ਨਹੀਂ ਤੁਰਿਆ ਅਤੇ ਨਾਮ ਦੀ ਕਮਾਈ ਰੂਪ ਬਰਕਤ ਜਿਨ੍ਹਾਂ ਉਤੇ ਨਹੀਂ ਨਾਜ਼ਲ ਹੋਈ, ਉਹਨਾਂ ਨੂੰ ਸਮਝੋ ਕਿ ਸਤਿਗੁਰੂ ਦੀ ਪ੍ਰਾਪਤੀ ਹੀ ਨਹੀਂ ਹੋਈ। ਅੰਮ੍ਰਿਤ ਛਕ ਕੇ ਜਿਹੜੇ ਨਾਮੋਂ ਸਖਣੇ ਫਿਰਦੇ ਹਨ, ਉਹਨਾਂ ਨੇ ਗੁਰਮਤਿ ਮਰਯਾਦਾ ਪੂਰਬਕ ਸਤਿਗੁਰੂ ਨੂੰ ਧਾਰਨ ਹੀ ਨਹੀਂ ਕੀਤਾ। ਤਿਨ੍ਹਾਂ ਨੂੰ ਗੁਰੂ ਵਰੋਸਾਏ ਨਾਮ-ਕਮਾਈਆਂ ਵਾਲੇ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕਣ ਅਤੇ ਨਾਮ ਜਪਣ ਦੀ ਦਾਤਿ ਹੀ ਪ੍ਰਾਪਤ ਨਹੀਂ ਹੋਈ। ਪੰਜਾਂ ਪਿਆਰਿਆਂ, ਪਰਵਾਨ ਹੋਏ ਪੰਜਾਂ ਪਿਆਰਿਆਂ ਅੰਦਰਿ ਸਤਿਗੁਰੂ ਵਰਤਦਾ ਹੈ, ਸਤਿਗੁਰੂ ਦੀ ਨੂਰ-ਜੋਤਿ ਕਿਰਪਾ ਹੁੰਦੀ ਹੈ। ਗੁਰੂ ਨਾਨਕ ਦਾ ਜ਼ਹੂਰ ਗੁਰੂ ਘਰ ਦੇ ਮਨਜ਼ੂਰ-ਸ਼ੁਦਾ ਪੰਜਾਂ ਪਿਆਰਿਆਂ ਅੰਦਰ ਪਰਗਟ ਪਾਹਾਰੇ ਜਾਪਦਾ ਹੈ। ਜਿਥੇ ਇਹ ਨੂਰ-ਜ਼ਹੂਰੀ ਗੁਰਮੁਖ ਨਾਮ ਦੀ ਪਰਧਾਨਤਾ ਦਾ ਪਰਤਾਪ ਨਹੀਂ, ਓਥੇ ਸਮਝੋ ਕਿ ਸੱਚੜੀ ਗੁਰੱਤ-ਕਲਾ ਨਹੀਂ ਵਰਤਦੀ। ਓਹਨਾਂ ਨੂੰ ਅਸਲ ਅਰਥਾਂ ਵਿਚ ਨਾਮ ਮਿਲਿਆ ਹੀ ਨਹੀਂ। [ਗੁ: ਕਰਮ ਫ਼ਿਲਾਸਫ਼ੀ, ਪੰਨਾ ੩੯੩



www.AKJ.Org

# ਗ਼ਲਤ-ਬਿਆਨੀ ਤੋਂ ਸਾਵਧਾਨ

ਪੀ. ਟੀ. ਆਈ. ਅਨੁਸਾਰ 'ਸੂਰਾ' ਦੇ ਹਵਾਲੇ ਨਾਲ ਅਖੰਡ ਕੀਰਤਨੀ ਜਥੇ ਬਾਰੇ ਜੋ ਖ਼ਬਰ 'ਅਜੀਤ' ਵਿਚ ਛਪੀ ਹੈ, ਉਸ ਵਿਚ ਅਸਲੀਅਤ ਨੂੰ ਹੋਰ ਦਾ ਹੋਰ ਰੂਪ ਦੇ ਕੇ ਗ਼ਲਤ-ਬਿਆਨੀ ਕਰਨ ਵਿਚ ਕੋਈ ਕਸਰ ਨਹੀਂ ਛਡੀ ਗਈ। 'ਸੂਰਾ' ਜਨਵਰੀ ੯੪ ਦੇ ਪਰਚੇ ਵਿਚ ਤਾਂ ਛਪਿਆ ਹੈ–

> "ਅੱਜ ਮਿਤੀ ੫-੧-੯੪ ਨੂੰ ਲੁਧਿਆਣਾ ਵਿਖੇ ਅਖੰਡ ਕੀਰਤਨੀ ਜਥੇ ਦੇ ਪੰਜ ਪਿਆਰਿਆਂ ਦਾ ਸਮਾਗਮ, ਜਥੇ ਵਿਚ ਪਈ ਦੁਬਿਧਾ ਨੂੰ ਦੂਰ ਕਰਨ ਲਈ ਹੋਇਆ। ਉਸ ਵਿਚ ਜਥੇਦਾਰ ਭਾਈ ਰਾਮ ਸਿੰਘ ਜੀ ਨੇ ਹਾਜ਼ਰ ਹੋ ਕੇ ਆਪਣਾ ਸਪੱਸ਼ਟੀਕਰਨ ਦਿਤਾ ਅਤੇ ਵਚਨ ਦਿਤਾ ਕਿ ਜਥੇ ਨਾਲ ਸੰਬੰਧਤ ਸਾਰੇ ਮਹੱਤਵ-ਪੂਰਨ ਕਾਰਜਾਂ ਵਿਚ ਅਗੇ ਤੋਂ ਪੁਰਾਤਨ ਸੂਝਵਾਨ ਗੁਰਸਿੱਖਾਂ ਦੀ ਰਾਏ ਬਗੈਰ ਕੋਈ ਫ਼ੈਸਲਾ ਨਹੀਂ ਕਰਨਗੇ।"

ਪਰ 'ਅਜੀਤ' ੨੦-੧-੯੪ ਵਿਚ ਜਥੇਦਾਰ ਸਾਹਿਬ ਦੇ ਸਪੱਸ਼ਟੀਕਰਨ ਅਤੇ ਵਚਨ ਦੇਣ ਦਾ ਜ਼ਿਕਰ ਤਕ ਨਹੀਂ, ਸਗੋਂ ਉਸ ਵਿਚ ਦਰਜ ਹੈ–

> "ਜਥੇ ਦੇ ਨੇਤਾ ਜਥੇਦਾਰ ਭਾਈ ਰਾਮ ਸਿੰਘ ਤੇ ਉਪ-ਨੇਤਾ ਭਾਈ ਬਲਦੇਵ ਸਿੰਘ ਇਕ ਪਾਸੇ ਸਨ, ਜਦੋਂ ਕਿ ਸਲਾਹਕਾਰ ਬੋਰਡ ਦੇ ਬਾਕੀ ੮ ਮੈਂਬਰ ਦੂਜੇ ਪਾਸੇ ਸਨ। ਦੋਹਾਂ ਧੜਿਆਂ ਨੂੰ (ਪੰਜਾਂ ਪਿਆਰਿਆਂ ਵਲੋਂ) ਕਿਹਾ ਗਿਆ ਕਿ ਕੋਈ ਨੀਤੀ-ਫੈਸਲਾ ਜਥੇ ਨਾਲ ਸੰਬੰਧਤ ਸੰਤ ਮਹਾਂਪੁਰਸ਼ਾਂ ਤੇ ਬੁਧੀਜੀਵੀਆਂ ਦੀ ਸਲਾਹ ਤੋਂ ਬਗੈਰ ਨਾ ਕੀਤਾ ਜਾਵੇ।"

ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਅਖਬਾਰਾਂ ਦੀਆਂ ਅਜਿਹੀਆਂ ਗੁਮਰਾਹਕੁਨ ਖ਼ਬਰਾਂ ਨੂੰ ਪੜ੍ਹ ਕੇ ਸਾਵਧਾਨ ਰਹਿਣ, ਅਸਲੀਅਤ ਨੂੰ ਜਾਣਨ ਦੀ ਕੋਸ਼ਸ਼ ਕਰਨ ਅਤੇ ਭੁਲੇਖਿਆਂ ਤੋਂ ਬਚਣ। ਅਖੰਡ ਕੀਰਤਨੀ ਜਥੇ ਦੇ ਸਮੂਹ ਵਿਅਕਤੀ ਕੇਵਲ 'ਸਿੰਘ' ਹੀ ਹਨ, ਸੰਤ-ਪੁਣੇ ਦਾ ਭੁਸ ਕਿਸੇ ਨੂੰ ਨਹੀਂ।

# ਅਸਤੀਫ਼ਾ

ਮੀਤ ਜਥੇਦਾਰ ਭਾਈ ਸਾਹਿਬ ਬਲਦੇਵ ਸਿੰਘ ਜੀ ਨੇ ਆਪਣੇ ਪਦ ਤੋਂ ਅਸਤੀਫ਼ਾ ਜਥੇਦਾਰ ਸਾਹਿਬ ਨੂੰ ਦੇ ਦਿਤਾ ਹੈ, ਇਸ ਲਈ ਅਗੇ ਤੋਂ ਕੋਈ ਮੀਤ ਜਥੇਦਾਰ ਨਹੀਂ ਹੋਵੇਗਾ।

# ਦੋ ਰੁਬਾਈਆਂ

[ਸ: ਸੁਰਜੀਤ ਸਿੰਘ 'ਸਾਜਨ']

ਚੌਰਾਸੀ ਦੇ ਗੇੜਿਆਂ ਤੋਂ, ਉਬਰਨਾ ਹੈ ਕਿਵੇਂ?
ਭਵ-ਸਾਗਰ ਦੀਆਂ ਲਹਿਰਾਂ ਤੇ ਤਰਨਾ ਹੈ ਕਿਵੇਂ?
ਨਾਮ ਦੇ ਜਹਾਜ਼ ਤੇ ਸਵਾਰ ਹੋਣਾ ਪਵੇਗਾ;
'ਸਾਜਨ'! ਪਰ ਤੇਰਾ ਨਾਮ ਸਿਮਰਨਾ ਹੈ ਕਿਵੇਂ?

ਬੰਦਿਆ, ਉਸ ਮਾਲਕ ਦੇ ਦਰ ਤੇ ਬਹਿ ਜਾ ਆ ਕੇ।
ਭੁੱਲਾਂ ਬਖਸ਼ਾ ਲੈ ਸੱਭ, ਰੋ-ਰੋ ਕੇ ਤੇ ਗਿੜ-ਗਿੜਾ ਕੇ।
ਇੱਕ ਗੱਲ ਯਾਦ ਰੱਖੀਂ, ਉਸ ਦਾ ਦਰ ਛੱਡ ਕੇ ਨਾ ਜਾਂਵੀਂ;
'ਸਾਜਨ' ਬਿਰਦ ਹੈ, ਇੱਕ ਦਿਨ ਮਿਲੇਗਾ ਗੱਲ ਧਾ ਕੇ।

---

ਅਖੰਡ ਕੀਰਤਨੀ ਜਥੇ ਪਾਸ ਪੁਜੀ ਪੀੜਤ ਪਰਵਾਰ ਫ਼ੰਡ ਵਿਚਲੀ ਸਹਾਇਤਾ ਆਉਂਦੇ 'ਸੂਰਾ' ਵਿਚ ਦਿਆਂਗੇ।



www.AKJ.Org

# ਨਾਨਕ ਝੀਰਾ

[ਸ: ਅਤਰ ਸਿੰਘ ਜੀ 'ਨੀਰ', ਦਿਲੀ—੯੫]

ਵੱਈਂ ਨਦੀ 'ਚ ਚੁਭੀ ਮਾਰੀ ਸਤਿਗੁਰ ਨਾਨਕ ਪਿਆਰੇ। ਮਾਤ ਲੋਕ ਚੋਂ ਸੱਚਖੰਡ ਪਹੁੰਚੇ ਮਾਣੇ ਸਾਈਂ ਨਜ਼ਾਰੇ।
ਨਾਲ ਵਾਹਿਗੁਰੂ ਇਕ-ਮਿਕ ਹੋ ਕੇ ਗੰਢ ਪ੍ਰੀਤ ਦੀ ਖੋਲ੍ਹੀ। ਨਾਮ, ਗਰੀਬੀ ਦੌਲਤ ਪਾਈ ਗੁਰੂ ਨਾਨਕ ਜੀ ਝੋਲੀ।
ਹੋ ਅਭੇਦ ਅਕਾਲ ਪੁਰਖ ਸੰਗ ਨਜ਼ਰ ਪਿਆਰ ਦੀ ਮਾਰੀ। ਤੜਫਦੀ ਤੇ ਤਰਸਾਂਦੀ ਦੁਨੀਆ ਨਜ਼ਰੀ ਆਈ ਸਾਰੀ।
ਚਲ ਪਏ ਲੈ ਭਰਪੂਰ ਖਜ਼ਾਨੇ ਰਹਿਮਤ ਰੱਬ ਦੀ ਭਾਰੀ। ਟਿਕੇ ਆ ਕਰਤਾਰਪੁਰੇ ਵਿਚ ਗੁਰੂ ਨਾਨਕ ਨਿਰੰਕਾਰੀ।
ਭੁਲੇ ਹੋਏ ਭਟਕਦੇ ਦਿਸੇ ਲੋਕੀ ਬਿਨਾਂ ਸਹਾਰੇ। ਬਿਨਾਂ ਮੁਹਾਰਾਂ ਊਠ ਜਿਵੇਂ ਮੂੰਹ ਥਾਂ ਥਾਂ ਉਤੇ ਮਾਰੇ।
ਵੇਖ ਅਜਿਹੀ ਹਾਲਤ ਤੁਰ ਪਏ ਕਰ ਸਾਈਂ ਨੂੰ ਚੇਤੇ। ਤੀਰਥ ਤੀਰਥ ਫਿਰ ਕੇ ਤਕੀ, ਬੇੜੀ ਵਿਚ ਬਰੇਤੇ।
ਨਾਲ ਪਿਆਰ ਠਰ੍ਹੰਮੇ ਠੰਢੀ ਮਿਠੀ ਨਾਮ ਖੁਮਾਰੀ। ਪ੍ਰਭੂ-ਪ੍ਰੀਤ ਦੀ ਰੰਗਣ ਦੇ ਕੇ ਪਰਤੇ ਘਰ ਨਿਰੰਕਾਰੀ।
ਪਰ ਦੁਨੀਆ ਦੀ ਚੀਕਾਂ ਨਿਕਲਣ ਇਸ ਤਰ੍ਹਾਂ ਸ਼ਾਮ ਸਵੇਰੇ। ਜਿਸ ਤਰ੍ਹਾਂ ਕਿ ਚੁਕ ਚੁਕ ਕੋਈ ਸਿਰ ਤੇ ਮੁੰਗਲੀ ਫੇਰੇ।
ਛੱਡ ਕੇ ਕੁਟੰਬ ਕਬੀਲਾ ਅਪਣਾ ਛੱਡ ਕੇ ਮੱਝੀਂ ਗਾਈਂ। ਕਰਤਾਰਪੁਰੇ ਤੋਂ ਦੂਜੀ ਵਾਰੀ ਚਲ ਪਿਆ ਨਾਨਕ ਸਾਈਂ।
ਦਰਦ ਰੰਞਾਣੀਆਂ ਹੂਕਾਂ ਉਠਣ ਅੰਦਰੋਂ ਕਸਕਾਂ ਭਰੀਆਂ। ਤੋਰ ਅਰੁਕ ਵਹਿਣ ਦੇ ਵਾਂਗੂ, ਅੱਖਾਂ ਐਪਰ ਠਰੀਆਂ।
ਧਰਮ ਕੋਟ, ਬਠਿੰਡਾ, ਸਰਸਾ, ਅਜਮੇਰ ਸ਼ਰੀਫੋਂ ਹੋ ਕੇ। ਜੈਨੀਆਂ ਨੂੰ ਜਾ ਰਸਤੇ ਪਾਇਆ ਕੋਟ ਆਬੂ ਦੇ ਕੋਹ ਤੇ।
ਰਾਜਪੂਤਾਨਾ, ਇੰਦੌਰ, ਤਾਰਦੇ ਨੈਰਬਦੀ ਨਦੀ ਦੇ ਰਾਹੀਂ। ਹੋਸ਼ੰਗਾਬਾਦ ਖੰਡਵਾਂ ਤਾਰਿਆ ਓਂਕਾਰੇਸ਼ਵਰਮ ਤਾਈਂ।
ਬਾਣੀ 'ਓਅੰਕਾਰ ਦਖਣੀ' ਸਤਿਗੁਰ ਇਥੇ ਵਿਚਾਰੀ। ਬੁਰਹਾਨਪੁਰੇ ਤੋਂ ਮਾਲ-ਟੇਕੜੀ ਜਾ ਕੇ ਚੌਕੜੀ ਮਾਰੀ।
ਭਾਗਭਰੀ ਇਸ ਥਾਂ ਦੇ ਉਤੇ ਤ੍ਰਿਪਤਾਂ ਦੇ ਦੁਲਾਰੇ। ਲਕੜਸ਼ਾਹ ਫਕੀਰ ਦੇ ਆ ਕੇ ਏਥੇ ਦੀਦੇ ਠਾਰੇ।
ਅਜ ਉਸ ਥਾਂ ਤੇ ਸੋਭ ਰਿਹਾ ਏ ਸੁੰਦਰ ਗੁਰਦਵਾਰਾ। ਕਬਰ ਫਕੀਰ ਦੀ ਇਸਦੇ ਪਿਛੇ ਅੱਜ ਵੀ ਲਏ ਸਹਾਰਾ।
ਇਥੋਂ ਚਲ ਪਏ ਬਿਦਰ ਦੀ ਨਗਰੀ ਸਤਿਗੁਰ ਨਾਨਕ ਪਿਆਰੇ। ਸੜਦੀ ਲੂਛਦੀ ਧਰਤੀ ਉਤੇ ਨਾਮ ਦੇ ਛਟੇ ਮਾਰੇ।
ਮੁਸ਼ਕਲ ਬਿਖੜਾ ਰਾਹ ਪਥਰੀਲਾ ਖੁਸ਼ਕੀ ਗੋਡੇ ਗੋਡੇ। ਪਾਣੀ ਕੌੜਾ, ਖ਼ੁਸ਼ਕ ਹਵਾਵਾਂ ਰੁਖ ਵੀ ਰੋਡੇ ਮੋਡੇ।
ਵੇਖਣ ਨੂੰ ਨਾ ਦਿਸੇ ਹਰੀਆਵਲ ਕਿਤੇ ਵੀ ਪਾਸੇ ਚਾਰੇ। ਲੂੰਹਦੀਆਂ ਪਈਆਂ ਭਖਦੀਆਂ ਵਾਵਾਂ ਪੰਛੀ ਪੰਖ ਨਾ ਮਾਰੇ।
ਬਹਿ ਗਏ ਟਿਕ ਕੇ ਸਤਿਗੁਰ ਨਾਨਕ ਇਕ ਪਹਾੜੀ ਥਲੇ। ਵਿਚ ਸਮਾਧੀ ਇਸਥਿਤ ਹੋ ਕੇ ਕਾਦਰ ਦੇ ਸੰਗ ਰਲੇ।
ਕਹਿਆ ਫਿਰ ਮਰਦਾਨੇ ਤਾਈਂ ਛੇੜ ਰਬਾਬ ਪਿਆਰੇ। ਸੋਹਣੇ ਮਿਠੇ ਸਾਈਂ ਜੀ ਦੇ ਮਾਣੀਏ ਨੂਰ ਨਜ਼ਾਰੇ।
ਗੂੰਜ ਪਿਆ ਸਭ ਆਲਾ-ਦੁਆਲਾ ਗੂੰਜ ਪਈਆਂ ਫ਼ਜ਼ਾਵਾਂ। ਝਰ ਪਏ ਸੋਮੇ ਅੰਮ੍ਰਿਤ ਵਾਲੇ ਤੁਰੀਆਂ ਮਸਤ ਹਵਾਵਾਂ।
ਜਲਾਲਉਦ-ਦੀਨ ਜਲਾਲ'ਚ ਆਕੇ ਦਿਤੀਸਦਾਅ ਉਚੇਰੀ।ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ ਕ੍ਰਿਪਾ ਰਹਿਮਤਤੇਰੀ
ਆਣ ਸੰਭਾਲੇ ਆਪ ਨਿਮਾਣੇ ਵਡਾ ਕਰਮ ਕਮਾਇਆ। ਉਠੋ ਉਠੋ ਲੋਕੋ ਉਠੋ, ਰੱਬ ਅਸਾਂ ਘਰ ਆਇਆ।
ਨਾਨਕ ਰੂਪ ਦੇ ਅੰਦਰ ਆਇਆ ਆਪ ਖ਼ੁਦਾਵੰਦ ਪਿਆਰਾ। ਰੋਸ਼ਨ ਕਰ ਰਿਹਾ ਹਰ ਹਿਰਦੇ ਨੂੰ ਦੇ ਕੇ ਨੂਰ ਨਜ਼ਾਰਾ
ਪੁਜਿਆ ਭਜ ਜਲਾਲਉਦ ਦੀਨ ਹੋਰ ਫਕੀਰ ਬਥੇਰੇ। ਦਰਸ਼ਨ ਕਰ ਕੇ ਤਨ ਮਨ ਠਰਿਆ, ਚਮਕ ਪਏ ਸਭ ਚੇਹਰੇ।
ਝੁਕ ਝੁਕ ਅਦਬ ਫਕੀਰਾਂ ਦਿਲ ਆਪਣੇ ਦੀਆਂ ਕਹੀਆਂ।ਜਨਮ ਜਨਮ ਦੀਆਂ ਮੈਲਾਂ ਸਭੇ ਨਾਨਕ ਜੀ ਲਹਿ ਗਈਆਂ
ਠੰਢ ਪਈ ਏ ਸੀਨੇ ਸਾਡੇ ਸੁਰਤੀ ਹੋਈ ਉਚੇਰੀ। ਸ਼ਕਲ ਸੂਰਤ ਅਲਾ ਤਾਅਲਾ ਤੇ ਨਾਨਕ ਹੈ ਇਕ ਤੇਰੀ।
ਮਿਹਰ ਨਿਗਾਹਾਂ ਕਰਕੇ ਦਾਤਾ ਸਾਡੇ ਭਾਗ ਜਗਾਵੋ। ਭਰੋ ਝੋਲੀਆਂ ਰਹਿਮਤ ਕਰ ਕੇ ਮਨ ਦੀ ਪਿਆਸ ਬੁਝਾਵੋ।
ਤਾਂ ਗੁਰੂ ਨਾਨਕ ਨਾਲ ਪਿਆਰ ਦੇ ਬੋਲੇ ਬਚਨ ਸੁਖਾਲੇ। ਭੰਬਲ ਭੂਸਿਆਂ ਵਿਚ ਨਹੀਂ ਪੈਂਦੇ ਉਸਨੂੰ ਸਿਮਰਨ ਵਾਲੇ।
ਕਰੋ ਬੰਦਗੀ ਸਿਰਫ ਉਸੇ ਦੀ, ਜੋ ਹਰ ਵਸਤੂ ਵਿਚ ਵਸੇ। ਜਿਸ ਪ੍ਰਭੂ ਦਾ ਨੂਰ ਨਜ਼ਾਰਾ ਹਰ ਸ਼ੈ ਦੇ ਵਿਚ ਲਸੇ।
ਇਕ ਨੂੰ ਮਨੋ, ਇਕ ਨੂੰ ਸੇਵੋ, ਇਕ ਦਾ ਨਾਮ ਧਿਆਓ। ਸਰਬ ਸੁਖਾਂ ਦੀਆਂ ਲਹਿਰਾਂ ਮਾਣੋ, ਮਨ-ਇਛੇ ਫਲ ਪਾਓ।
ਸਿਦਕ 'ਚ ਰੰਗੀਆਂ ਸੰਗਤਾਂ ਆਵਣ ਨਿਤ ਵਹੀਰਾਂ ਪਾਕੇ। ਧੰਨ ਗੁਰੂ ਨਾਨਕਧੰਨ ਗੁਰੂ ਨਾਨਕਧੰਨ ਗੁਰੂ ਨਾਨਕ ਗਾਕੇ
ਮਹਿਕ ਦੇ ਵਾਂਗੂ ਸੋਭਾ ਖਿਲਰੀ ਗੁਰੂ ਨਾਨਕ ਦੀ ਪਿਆਰੀ।ਗੁਰੂ ਬਾਣੀ ਦੀ ਸੀਤਲ ਨੈਂ ਚਿ ਲਾਉਣ ਲਗੇ ਸਭ ਤਾਰੀ

www.AKJ.Org

ਜੰਗਲ ਦੇ ਵਿਚ ਮੰਗਲ ਹੋਇਆ, ਗੂੰਜ ਪਈ ਹਰ ਪਾਸੇ । ਹੱਥ ਜੋੜ ਕੇ ਆਣ ਖੜੋਤੇ ਲੋਕੀ ਚੰਗੇ ਖਾਸੇ। ਮਿਹਰ ਕਰੋ ਦਾਤਾ ਅਸਾਂ ਤੇ, ਅਸੀਂ ਨਿਮਾਣੇ ਪਾਪੀ । ਖਾਰੀ ਕੌੜੀ ਧਰਤੀ ਸਾਡੀ ਕਲਰੀ ਸੜੀ ਸਰਾਪੀ। ਪੀਣ ਲਈ ਨਹੀਂ ਪਾਣੀ ਕਿਧਰੇ ਸਾਰੇ ਵਿਚ ਇਲਾਕੇ । ਜੀਵਣ-ਸਾਂਝਾਂ ਸਾਡੀਆਂ ਮੁਕੀਆਂ ਖੁਸ਼ ਨਹੀਂ ਕੋਈ ਆ ਕੇ । ਇਸ ਲਈ ਬਚੇ ਬਚੀਆਂ ਦਾ ਵੀਮੁਸ਼ਕਲਲਾਣ ਲਗਾਣਾ।ਗ੍ਰਿਹਸਤੀ ਜੀਣਦਾਰਹਿ ਨਹੀਂ ਸਕਦਾ ਕਾਇਮ ਤਾਣਾਬਾਣਾ ਪਸ਼ੂ ਪੰਛੀ ਵੀ ਵਿਆਕੁਲ ਦਾਤਾ ਬਾਝ ਪਾਣੀ ਦੇ ਹੋਏ । ਤੜਫਦੇ ਤੇ ਤਰਸਾਂਦਿਆਂ ਦੇ ਮੂੰਹ ਪਾਵੋ ਮਿਠੇ ਚੋਏ । ਪੱਤਾ ਪੱਤਾ ਬਾਝ ਪਾਣੀ ਦੇ ਰੂਪ ਹੀਣ ਕੁਮਲਾਇਆ। ਇਕ ਵੀ ਜ਼ਰੇ ਇਸ ਧਰਤੀ ਦੇ ਸੁਹਜ ਸਵਾਦ ਨਹੀਂ ਪਾਇਆ। ਦੁਖ-ਹਰਤਾ ਪ੍ਰੀਤਮ ਜੀ ਸੁਣਕੇ ਬੋਲੇ ਬਚਨ ਸੁਖਾਲੇ । ਪੂਰਨ ਪੁਰਖੁ ਦਾਤਾਰ ਵਾਹਿਗੁਰੂ ਸਭ ਦੇ ਹਨ ਰਖਵਾਲੇ । 'ਧੰਨ ਨਿਰੰਕਾਰ' ਕਹਿ ਨਾਲ ਪਹਾੜੀ ਸਤਿਗੁਰ ਚਰਨ ਛੁਹਾਏ । ਵੇਖੋ ਸਿਦਕੀਓ, ਪੱਥਰਾਂ ਥਲੋਂ ਪਾਣੀ ਮਿਠਾ ਆਏ । ਪੱਥਰ ਚੁਕਦਿਆਂ ਭਜਕੇ ਨਿਕਲੀ ਨਿਰਮਲ ਜਲ ਦੀ ਧਾਰਾ।ਬੋਲ ਉਠੇ ਖੁਸ਼ੀਆਂ ਵਿਚ ਸਾਰੇ 'ਧੰਨ ਗੁਰੂ ਨਾਨਕਪਿਆਰਾ ਲਖ ਵਾਰ ਪ੍ਰਣਾਮ ਹੈ ਤੈਨੂੰ ਨਾਨਕੀ ਭੈਣ ਦਿਆ ਵੀਰਾ । ਤੇਰੀ ਬਖਸ਼ਸ਼ 'ਨੀਰ' ਹੈ ਦਿਤਾ ਜੱਗ ਨੂੰ 'ਨਾਨਕ ਝੀਰਾ' ।

## ਸਾਡੀ ਦਸ਼ਾ

[ਗਿ: ਕਰਤਾਰ ਸਿੰਘ ਜੀ ਕੋਮਲ, ਕਸ਼ਮੀਰ]

ਬਿਰਧ ਮਾਂ ਪਿਓ ਉਨ੍ਹਾਂ ਅਸਾਨੂੰ, ਪਾਲ ਪੋਸ ਵਡਿਆਇਆ ।
ਵਿਦਿਆ ਦਿਤੀ ਕੰਮ ਸਿਖਾਇਆ ਧੰਧੇ ਲਾਇਆ ਤੇ ਵਿਆਹਿਆ ।
ਉਨ੍ਹਾਂ ਦੇ ਉਪਕਾਰ ਵਿਸਾਰ ਕੇ, ਉਨ੍ਹਾਂ ਥੀਂ ਹੈ ਮੂੰਹ ਭਵਾਇਆ ।
ਭਾਈ ਗੁਰਦਾਸ ਜੀ ਅਜਿਹੇ ਪੁੱਤਾਂ ਨੂੰ, 'ਹਤਿਆਰੇ' ਕਹਿ ਛੁਟਿਆਇਆ ।
ਮਾਪੇ ਪਰਹਰ ਅਸੀਂ ਉਨ੍ਹਾਂ ਨੂੰ, ਜੀਂਦੇ ਮੂੰਹ ਨਾ ਲਾਇਆ ।
ਵਸਤੂ ਚੰਗੀ ਮੂੰਹ ਨਾ ਪਾਈ, ਦਾਰੂ ਦੇ ਨਾ ਚੁਕ ਬਹਾਇਆ ।
ਸੰਝ ਸਵੇਰੇ ਟੀ. ਵੀ. ਵੇਖਣਾ, ਨਿਤਨੇਮ ਹੈ ਅਸਾਂ ਭੁਲਾਇਆ ।
ਰੰਗ ਤਮਾਸ਼ੇ ਸਾਡੀ ਸੁਰਤਿ ਗਵਾਈ, ਬਾਣੀ ਪੜ੍ਹ ਨਾ ਮਨ ਸਮਝਾਇਆ ।
ਗਿਠ ਗਿਠ ਦਾੜ੍ਹੀ ਵਾਲੇ ਪੁੱਤਰਾਂ, ਦਸਤਾਰ ਨੂੰ ਸੁਟ ਦਫ਼ਨਾਇਆ ।
ਸਿਰ ਤੇ ਚਾਦਰ ਨ ਰਖਣ ਧੀਆਂ, ਬਿੰਦੀ ਟਿੱਕਾ ਮੱਥੇ ਲਾਇਆ ।
ਨਿਆਰਾ-ਪਨ ਦਸਮੇਸ਼ ਗੁਰੂ ਦਾ ਸਾਨੂੰ ਭੁਲਿਆ, ਫ਼ੈਸ਼ਨ ਭਾਇਆ ।
ਤਾਹੀਓਂ ਤੇਜ ਅਸਾਥੋਂ ਨਸਿਆ, ਸਿੱਖੀ ਰਹਿਤ ਤੇ ਜੋਸ਼ ਸਿਧਾਇਆ ।
ਕਲਫ਼ ਲਾ ਦਾੜ੍ਹੀ ਕਸ ਕੇ, ਰਾਤੀਂ ਮਦ ਪੀ ਮੁਰਗ ਡਕਾਰੇ ।
ਸਵੇਰੇ ਰਾਗੀ ਪ੍ਰਚਾਰਕ ਬਣ ਕੇ, ਗਾਈਏ ਬਾਣੀ ਬਾਂਹ ਉਲਾਰੇ ।
ਗੁਰੂ ਘਰ, ਲੰਗਰ ਵੇਚ ਕੇ, ਅਸੀਂ ਜ਼ਰ ਦੇ ਭਰੇ ਭੰਡਾਰੇ ।
ਦੂਰ-ਅੰਦੇਸ਼ ਨਾ ਬਣ ਸਕੇ, ਅਸੀਂ ਕੀਤੇ ਉਲਟੇ ਕਾਰੇ ।
ਗੋਲਕ-ਚੋਰ ਬਣਾਏ ਚੌਧਰੀ, ਸੌਂਪ ਕੁੰਜੀਆਂ ਭਰੇ ਭੰਡਾਰੇ ।
ਸਾਡੇ ਮੂੰਹ ਤੇ ਤਾਲੇ ਲਗ ਗਏ, ਵੇਚੀ ਗ਼ੈਰਤ ਸਰੇ ਬਾਜ਼ਾਰੇ ।
ਲੋੜ ਸੀ ਨਾਜ਼ਕ ਸਮੇਂ ਏਸ 'ਚਿ, ਇਕ ਝੰਡੇ ਤਲੇ ਰਲ ਬਹਿੰਦੇ ।
ਧੁੰਧਲਾ ਭਵਿਸ਼ ਉਜਲ ਕਰਨ ਲਈ, ਸੋਚ ਵਿਚਾਰ ਕੇ ਗੱਲ ਕਹਿੰਦੇ ।
ਆਪੋ ਧਾਪੀ ਤੋਂ ਬਚ ਜਾਂਦੇ, ਸਾਂਝੀ ਕਾਰਜ-ਸੂਚੀ ਅਪਣਾਂਦੇ ।
ਭੰਵਰ ਮੂੰਹ ਆਈ ਨਾਵ ਕੌਮ ਦੀ, ਧਿਕ ਕਢ ਕੰਢੇ ਲਾਉਂਦੇ ।
ਅਕਾਲੀ, ਪੰਥੀ, ਇਨਕਲਾਬੀ ਅਕਾਲੀ, ਸ਼੍ਰੋਮਣੀ ਅਕਾਲੀ ਕਈ ਦਲ ਹਾਂ ।
ਇਕ ਹੋ ਗਾਡੀ-ਰਾਹ ਅਪਣਾਵੋ, ਮੰਨਦੇ ਕੋਮਲ ਦੀ ਨਹੀਂ ਗੱਲ ਹਾਂ ।



www.AKJ.Org

ਬਸੰਤੁ ਮਹਲਾ ੯ (੧੧੮੬-੮੭)

ਮਨ ਕਹਾ ਬਿਸਾਰਿਓ ਰਾਮ ਨਾਮੁ ॥ ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥੧॥ਰਹਾਉ॥
ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥
ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥
ਇਕ ਭਗਤਿ ਨਾਰਾਇਨ ਹੋਇ ਸੰਗਿ ॥ ਕਹੁ ਨਾਨਕ ਭਜੁ ਤਿਹ ਏਕ ਰੰਗਿ ॥੩॥੪॥

# ਰਿਸ਼ਤੇ ਨਾਤੇ

ਚਿੱਠੀ ਵਾਲਾ ਲਫ਼ਾਫ਼ਾ ਬੰਦ ਕਰ ਕੇ ਐਡਰੈਸ ਵਾਲੀ ਥਾਂ ਉਪਰ ਫ਼ਾਰਮ ਨੰਬਰ (ਜਿਸ ਨੂੰ ਭੇਜਣਾ ਹੈ) ਲਿਖੋ ਅਤੇ ਦੂਸਰੇ ਲਫ਼ਾਫ਼ੇ ਵਿਚ ਬਦ ਕਰ ਕੇ 'ਸੂਰਾ' ਮਾਸਕ ਪੱਤਰ ਨੂੰ ਭੇਜ ਦਿਓ ਜੀ। ਅਸੀਂ ਅੰਦਰ ਵਾਲਾ ਲਫ਼ਾਫ਼ਾ ਸੰਬੰਧਤ ਫ਼ਾਰਮ ਦਾ ਪਤਾ ਲਿਖ ਕੇ ਪੋਸਟ ਕਰ ਦੇਵਾਂਗੇ ਜੀ।

ਫ਼ਾਰਮ ਨੰ: ੪੭੪ —ਇਕ ੨੫ ਸਾਲਾ ਬੀਬੀ, ਕੱਦ ੫-੩" ਐਮ. ਏ., ਐਮ.ਫ਼ਿਲ., ਟੀਚਰ ਮਾਸਕ ੧੨੦੦/-, ਲਈ ਪੜ੍ਹੇ ਲਿਖੇ ਪ੍ਰਵਾਰ ਵਿਚੋਂ ਵਰ ਦੀ ਲੋੜ।

ਫ਼ਾਰਮ ਨੰ: ੪੭੫ —ਇਕ ੨੭ ਸਾਲਾ ਸਿੰਘ, ਕੱਦ ੫'-੯", ਤਿੰਨ ਸਾਲਾ ਡਿਪਲੋਮਾ ਇਲੈਕਟਰੀਕਲ, ਆਪਣਾ ਕਾਰੋਬਾਰ, ਲਈ ਚੰਗੇ ਪੜ੍ਹੇ ਲਿਖੇ ਪ੍ਰਵਾਰ ਵਿਚੋਂ ਬੀਬੀ ਦੇ ਰਿਸ਼ਤੇ ਦੀ ਲੋੜ।

ਫ਼ਾਰਮ ਨੰ: ੪੭੬ - ਇਕ ਸਾਢੇ ੨੬ ਸਾਲਾ ਬੀਬੀ, ਕੱਦ ੫'-੨", ਐਮ.ਏ. ਪੰਜਾਬੀ, ਬੀ-ਐਡ, ਪਬਲਿਕ ਸਕੂਲ ਵਿਚ ਟੀਚਰ, ਮਾਸਕ ੨੭੦੦/-, ਲਈ ਗੁਰਮੁਖ ਵਰ ਦੀ ਲੋੜ।

ਫ਼ਾਰਮ ਨੰ: ੪੭੭—ਇਕ ੩੩ ਸਾਲਾ ਦੁਹਾਜੂ ਸਿੰਘ, ਕੱਦ ੫'-੭" ੧੦+੨ ਪਾਸ, ਸਰਕਾਰੀ ਨੌਕਰੀ, ਲਈ ਵਰ ਦੀ ਲੋੜ।

ਫ਼ਾਰਮ ਨੰ: ੪੭੮—ਇਕ ੨੫ ਸਾਲਾ ਸਿੰਘ, ਕੱਦ ੫'੧੧', ਬੀ.ਈ. ਲਈ ਇਲੈਕਟ੍ਰਨਿਕਸ ਐਮ.ਏ.ਸਾਇੰਸ ਕੈਨੇਡਾ ਅਤੇ ਕੰਪੀਊਟਰ ਇੰਜੀਨੀਅਰਿੰਗ, ਚੰਗੀ ਤਨਖਾਹ ਕੈਨੇਡਾ ਵਿਚ, ਲਈ ਪੜ੍ਹੀ ਲਿਖੀ ਕੀਰਤਨੀ ਬੀਬੀ ਦੇ ਰਿਸ਼ਤੇ ਦੀ ਲੋੜ

ਫ਼ਾਰਮ ਨੰ: ੪੭੯— ਇਕ ੨੪ ਸਾਲਾ ਮੈਟਰਿਕ ਗਿਆਨੀ ਪਾਸ ਬੀ.ਈ., ਕੱਦ ੫'-੪",ਲਈ ਯੋਗ ਵਰ ਦੀ ਲੋੜ।

ਫ਼ਾਰਮ ਨੰ: ੪੮੦—ਇਕ ੨੭ ਸਾਲਾ ਸਿੰਘ ਬੀ.ਏ, ਪਾਰਟ ੧ ਵਿਚੇ ਛਡੀ ਹੋਈ, ਕੀਰਤਨੀ ਸਿੰਘ, ਕੰਮ ਟ੍ਰਾਂਸਪੋਰਟ ਤੇ ਠੇਕੇਦਾਰੀ, ਲਈ ਘਟੋ ਘਟ ੫'-੨" ਕੱਦ ਵਾਲੀ ਬੀਬੀ ਦੇ ਰਿਸ਼ਤੇ ਦੀ ਲੋੜ।

ਫ਼ਾਰਮ ਨੰ: ੪੮੧—ਇਕ ੨੩ ਸਾਲਾ ਮੈਟ੍ਰਿਕ ਪਾਸ ਸਿੰਘ, ਕੱਦ ੫'-੬", ਗੁਰਦਵਾਰੇ ਵਿਚ ਰਾਗੀ, ਮਾਸਕ ਦੋ ਹਜ਼ਾਰ, ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ।

---

## ਸੂਰਾ ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਗੁਰੂ ਕਾ ਸੇਵਕ ਜੋਧਪੁਰ | ੩੦-੦੦ | ਸੰਗਤ ਸਲੋਅ ਯੂ.ਕੇ. | ੨੨੫੦-੦੦ |
| ਸ. ਜਸਬੀਰ ਸਿੰਘ ਦਿੱਲੀ | ੨੫੦-੦੦ | ਭਾ: ਅਵਤਾਰ ਸਿੰਘ ਫ਼ਰੀਦਾਬਾਦ | ੧੨੫-੦੦ |
| ਭਾ: ਹਰਬਖਸ਼ ਸਿੰਘ ਸਰਾਏ ਯੂ.ਕੇ. ਬੱਚੀ ਦੀ ਯਾਦ ਵਿਚ | ੯੫੦-੦੦ | ਸਾਗਾ ਫ਼ੈਸ਼ਨ ਚੈਟਹਮ ਯੂ. ਕੇ. | ੯੩੦-੦੦ |
| | | J.W.O. ਬਲਦੇਵ ਸਿੰਘ ਗਵਾਲੀਅਰ | ੭੦-੦੦ |
| ਸ. ਦਲਜੀਤ ਸਿੰਘ ਮਲੇਸ਼ੀਆ | ੮੮੨-੫੪ | ਸ. ਦੀਦਾਰ ਸਿੰਘ ਜਬਲਪੁਰ | ੧੫੧-੦੦ |
| ਸ. ਰੇਸ਼ਮ ਸਿੰਘ ਕਰਨਾਲ | ੧੦੦-੦੦ | ਭਾ: ਮਨਜੀਤ ਸਿੰਘ ਜਬਲਪੁਰ | ੩੪੩-੦੦ |
| ਗੁਰੂ ਕਾ ਸੇਵਾਦਾਰ ਜੋਧਪੁਰ | ੧੦੦-੦੦ | ਭਾ: ਅਵਤਾਰ ਸਿੰਘ ਜੀਵਨਸਿੰਘਅਮਰੀਕਾ | ੧੦,੦੦੦-੦੦ |
| ਬੀਬੀ ਬਲਜੀਤ ਕੌਰ ਸਲੋਅ, ਯੂ.ਕੇ. | ੪੦੧-੦੦ | ਸ. ਇਕਬਾਲ ਸਿੰਘ ਬੀਬੀ ਨਿਰਮਲ ਕੌਰ ਸਲੋਅ ਯੂ.ਕੇ. | ੨੦੦-੦੦ |
| ਬੀਬੀ ਬਲਬੀਰ ਕੌਰ, ਸੁਰਿੰਦਰ ਸਿੰਘ ਰੈਡਿੰਗ ਯੂ.ਕੇ. | ੧੩੦੦-੦੦ | ਸ. ਕਰਨੈਲ ਸਿੰਘ ਸਵਿਟਜ਼ਰਲੈਂਡ | ੬੦੦-੦੦ |

---

**ਯੂ.ਕੇ. ਵਿਚ ਪੁਸਤਕਾਂ**—ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਅਤੇ ਹੋਰ ਗੁਰਮਤੀ ਪੁਸਤਕਾਂ ਗੁਰਮੁਖੀ ਤੇ ਅੰਗਰੇਜ਼ੀ ਵਿਚ ਮੰਗਵਾਓ। ਡਾਕ ਖ਼ਰਚ ਪਹਿਲਾਂ ਭੇਜੋ—
Bhai Madan Singh, II-Apollo way, Perry Bar, Birmingham-20,3ND (U.K.)

www.AKJ.Org

## ਪਟਿਆਲਾ ਗੁ: ਦੂਖ ਨਿਵਾਰਨ ਸਾਹਿਬ ਵਿਖੇ ਸਾਲਾਨਾ ਅਖੰਡ ਕੀਰਤਨ

**੨੪ ਫ਼ਰਵਰੀ ਵੀਰਵਾਰ ਸਵੇਰ ਤੋਂ ੨੭ ਫ਼ਰਵਰੀ ਐਤਵਾਰ ਸਵੇਰ ਤਕ ਬਸੰਤ ਰੁਤ ਦਾ ਸਮਾਗਮ**

੨੪-੨-੯੪ ਸਵੇਰੇ ੪ ਤੋਂ ੬ ਕੀਰਤਨ, ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ — ਗੁ: ਦੂਖ ਨਿਵਾਰਨ ਸਾਹਿਬ
ਸ਼ਾਮ ੫-੩੦ ਤੋਂ ੮-੩੦ ਸੋਦਰ ਅਤੇ ਅਖੰਡ ਕੀਰਤਨ — ਗੁ: ਖੇਲ ਸਾਹਿਬ ਪਾ: ੯, ਰੇਲਵੇ ਫਾਟਕ ਨੰ: ੨੨
੨੫-੨-੯੪ ਸਵੇਰੇ ੫ ਤੋਂ ੧੧ ਆਸਾ ਦੀ ਵਾਰ ਅਤੇ ਬਿਲਾਵਲ ਦੀ ਚੌਕੀ — ਗੁ: ਮੋਤੀ ਬਾਗ ਪਾ: ੯
ਸ਼ਾਮ ੬-੩੦ ਤੋਂ ੮-੩੦ ਸੋਦਰ ਅਤੇ ਅਖੰਡ ਕੀਰਤਨ — ਗੁ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਬਹਾਦਰਗੜ੍ਹ
੨੬-੨-੯੪ ਸਵੇਰੇ ੪ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਕੀਰਤਨ — ਗੁ: ਦੂਖ ਨਿਵਾਰਨ ਸਾਹਿਬ
ਸ਼ਾਮ ੭ ਵਜੇ ਸੋਦਰ ਉਪਰੰਤ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ — " " "

ਲੰਗਰ ਤੇ ਰਿਹਾਇਸ਼ ਦਾ ਪ੍ਰਬੰਧ ਗੁਰਦਵਾਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ (੨) ਲੋੜ ਅਨੁਸਾਰ ਬਿਸਤਰੇ ਲਿਆਓ ਜੀ

ਦਾਸਰੇ — ਸਮੂਹ ਸੰਗਤ ਅਤੇ ਅਖੰਡ ਕੀਰਤਨੀ ਜਥਾ ਪਟਿਆਲਾ

---

**ਕੁਰਾਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੧੭ ਤੋਂ ੨੦ ਮਾਰਚ–ਵੇਰਵਾ ਆਉਂਦੇ ਸੂਰਾ ਵਿਚ**

---

**ਗੋਨਿਆਣਾ ਮੰਡੀ (ਬਠਿੰਡਾ) ਵਿਖੇ ਗੁ: ਸੰਤ ਭਾਈ ਸੁਹੇਲ ਸਿੰਘ ਵਿਖੇ ਰੈਣ ਸਬਾਈ ਕੀਰਤਨ**

੧੯ ਫ਼ਰਵਰੀ ਸ਼ਨੀਵਾਰ ਸਵੇਰੇ ਗੁ:ਲੱਖੀ ਜੰਗਲ ਵਿਖੇ ਦੁਪਹਿਰ ਤਕ ਕੀਰਤਨ(ਬਸ ਦਾ ਪ੍ਰਬੰਧ ਹੋਵੇਗਾ), ਰਾਤ ਰੈਣ ਸਬਾਈ ਰਿਹਾਇਸ਼ ਗੁ: ਸੰਤ ਭਾਈ ਸੁਹੇਲ ਸਿੰਘ ਨਵੀਂ ਬਸਤੀ ਗੋਨਿਆਣਾ ਮੰਡੀ ਵਿਖੇ ।

**ਦੋਬੁਰਜੀ (ਨੇੜੇ ਬਟਾਲਾ) ਬਲਬੀਰਸਿੰਘ ਨਿਹੰਗ ਸਿੰਘ,੨੦ ਫ਼ਰਵਰੀ ਸਵੇਰੇ ਅਖੰਡਪਾਠ, ਦਿਵਸ ਸੁਹੇਲਾ**
**ਚੰਡੀਗੜ੍ਹ, ਸਤਿਨਾਮ ਸਿੰਘ, ੨੪੫, ਸੈਕਟਰ ੩੫ ਏ, ੨੦ ਫਰਵਰੀ ਸਵੇਰੇ ਅਖੰਡਪਾਠ, ਦਿਵਸ ਸੁਹੇਲਾ**
**ਗੁ:ਕਾਹਨੂਵਾਨ ਘਲੂਘਾਰਾ(ਗੁਰਦਾਸਪੁਰ)੨੬ਫ਼ਰਵਰੀ,ਭੋਗ ਅਖੰਡਪਾਠ,ਸ਼ਾਮ ਰੈਣ ਸਬਾਈ,ਅੰਮ੍ਰਿਤਸੰਚਾਰ**
**ਪਿੰਡ ਪੰਡੋਰੀ ਅਰਾਈਆਂ, ਮੈਣੀ ਰੋਡ ਦਸੂਹਾ, ਸ: ਕਰਣ ਸਿੰਘ, ੫ ਮਾਰਚ, ਰੈਣ ਸਬਾਈ ਕੀਰਤਨ**
**ਨੈਨੇਕੋਟ(ਨੇੜੇ ਕਾਹਨੂਵਾਨ ਗੁਰਦਾਸਪੁਰ)ਭਾ:ਜੋਗਿੰਦਰਸਿੰਘ,੧੩ ਮਾਰਚ ਭੋਗ ਅਖੰਡਪਾਠ,ਦਿਵਸ ਸੁਹੇਲਾ**
**ਸ਼ੰਕਰਪੁਰ (ਬਟਾਲਾ-ਅਲੀਵਾਲ ਰੋਡ) ਮਾ: ਅਮਰੀਕ ਸਿੰਘ, ੧੩ ਮਾਰਚ ਭੋਗ ਅਖੰਡਪਾਠ,ਦਿਵਸ ਸੁਹੇਲਾ**
**ਗੁਰਦਵਾਰਾ ਗਰਨਾ ਸਾਹਿਬ ਬੋਦਲ ਪਿੰਡ (ਦਸੂਹਾ–ਹੁਸ਼ਿਆਰਪੁਰ) ੧੯ ਮਾਰਚ ਰੈਣ ਸਬਾਈ**

---

**ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ**

ਮਿਤੀ 19-2-94, ਗੁਰਦਵਾਰਾ ਰਾਮਗੜ੍ਹੀਆ, 1103-ਫ਼ੋਲਸ ਹਿਲ ਰੋਡ, ਕੋਵੈਨਟਰੀ

ਫ਼ੋਨ ਗੁਰਦਵਾਰਾ 0203-663048, ਭਾ: ਸੋਹਨ ਸਿੰਘ 0203-682922

**ਯੂ. ਕੇ. ਦੇ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਪਤਾ (ਫ਼ੋਨ 0734-267900)**

*Bhai Gurnam Singh, 10–Lambourne Gardens, Earley, Reading, Berk, U.K.*

---

**ਗੁਰਬਾਣੀ ਦੇ ਸਤਿਕਾਰ ਲਈ 'ਸੂਰਾ' ਪੱਤਰ ਨੂੰ ਉਚੀ ਥਾਂ ਸਤਿਕਾਰ ਨਾਲ ਰਖੋ ਜੀ**

[ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ

ਸੂਰਾ ਮੰਥਲੀ, 390 ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ- 143006

www.AKJ.Org